Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 55 02/07/2025 www.samajweekly.com samajweekly @samajweekly samajweekly

# ਅਮਰੀਕੀ ਸੈਨੇਟ ਨੇ 'ਵਨ ਬਿਗ ਬਿਊਟੀਫੁੱਲ ਬਿੱਲ' ਕੀਤਾ ਪਾਸ

## ਅਮਰੀਕਾ ਵਿੱਚ 2017 ਵਾਲੀ ਟੈਕਸ ਕਟੌਤੀ ਨੂੰ ਸਥਾਈ ਬਣਾਏਗਾ ਇਹ ਬਿੱਲ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮੰਗਲਵਾਰ ਨੂੰ ਵੱਡੀ ਕਾਨੂੰਨੀ ਜਿੱਤ ਮਿਲੀ। ਅਮਰੀਕੀ ਸੈਨੇਟ ਨੇ ਉਨ੍ਹਾਂ ਦੇ ਮਹੱਤਵਾਕਾਂਖੀ ਟੈਕਸ ਛੋਟ ਅਤੇ ਸਰਕਾਰੀ ਖਰਚ ਘਟਾਉਣ ਵਾਲੇ ਬਿੱਲ 'ਵਨ ਬਿਗ ਬਿਊਟੀਫੁੱਲ' ਨੂੰ ਬਹੁਤ ਕਰੀਬੀ ਵੋਟਾਂ ਨਾਲ ਪਾਸ ਕਰ ਦਿੱਤਾ। ਟਰੰਪ ਨੂੰ ਇਹ ਜਿੱਤ ਅਜਿਹੇ ਸਮੇਂ ਮਿਲੀ ਜਦੋਂ ਉਹ ਇਸ ਬਿੱਲ ਨੂੰ ਲੈ ਕੇ ਅਰਬਪਤੀ ਕਾਰੋਬਾਰੀ ਐਲੋਨ ਮਸਕ ਨਾਲ ਟਕਰਾਅ ਵਿੱਚ ਹਨ। ਮਸਕ ਦੇ ਬਿੱਲ ਦੇ ਸਖ਼ਤ ਵਿਰੋਧ ਤੋਂ ਬਾਅਦ, ਟਰੰਪ ਨੇ ਉਨ੍ਹਾਂ ਨੂੰ ਅਮਰੀਕਾ ਤੋਂ ਕੱਢਣ ਦੀ ਧਮਕੀ ਦਿੱਤੀ ਹੈ।

**ਜੇਡੀ ਵਾਂਸ ਦੀ ਫੈਸਲਾਕੁੰਨ ਵੋਟ**

ਸੈਨੇਟ ਵਿੱਚ, ਬਿੱਲ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ 50-50 ਦੇ ਬਰਾਬਰ ਵੋਟਾਂ ਪਈਆਂ, ਜਿਸ ਤੋਂ ਬਾਅਦ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਫੈਸਲਾਕੁੰਨ ਵੋਟ ਦਿੱਤੀ ਅਤੇ ਇਸਨੂੰ ਪਾਸ ਕਰਵਾ ਦਿੱਤਾ। ਇਹ ਬਿੱਲ 940 ਪੰਨਿਆਂ ਦਾ ਹੈ ਅਤੇ ਇਸਨੂੰ ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦਾ ਸਭ ਤੋਂ ਵੱਡਾ ਆਰਥਿਕ ਕਦਮ ਮੰਨਿਆ ਜਾਂਦਾ ਹੈ।



**ਇਸ ਬਿੱਲ ਵਿੱਚ ਕੀ ਹੈ?**

ਇਸ ਬਿੱਲ ਵਿੱਚ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਦਿੱਤੀਆਂ ਗਈਆਂ ਟੈਕਸ ਕਟੌਤੀਆਂ ਨੂੰ 4.5 ਟ੍ਰਿਲੀਅਨ ਡਾਲਰ (ਲਗਭਗ 373 ਲੱਖ ਕਰੋੜ ਰੁਪਏ) ਤੱਕ ਵਧਾਉਣ ਦੀ ਵਿਵਸਥਾ ਹੈ। ਇਸ ਤੋਂ ਇਲ-ਾਵਾ, ਮੈਡੀਕੇਡ ਸਿਹਤ ਪ੍ਰੋਗਰਾਮ ਵਿੱਚ 1.2 ਟ੍ਰਿਲੀਅਨ ਡਾਲਰ (ਲਗਭਗ 996 ਲੱਖ ਕਰੋੜ ਰੁਪਏ) ਦੀ ਕਟੌਤੀ ਕੀਤੀ ਜਾਵੇਗੀ। ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 1.2 ਕਰੋੜ ਗਰੀਬ ਅਤੇ ਅਪਾਹਜ ਅਮਰੀਕੀਆਂ ਦਾ ਸਿਹਤ ਬੀਮਾ ਕਵਰੇਜ ਪ੍ਰਭਾਵਿਤ ਹੋ ਸਕਦਾ ਹੈ।

# ਵੋਟਰ ਉੱਥੇ ਹੀ ਰਜਿਸਟਰੇਸ਼ਨ ਕਰਾਉਣ ਜਿੱਥੇ ਉਹ ਰਹਿੰਦੇ ਹਨ: ਚੋਣ ਕਮਿਸ਼ਨ

**ਨਵੀਂ ਦਿੱਲੀ।** ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਅੱਜ ਕਿਹਾ ਕਿ ਯੋਗ ਨਾਗਰਿਕ ਆਪਣੇ ਆਪ ਨੂੰ ਸਿਰਫ਼ ਉਨ੍ਹਾਂ ਹਲਕਿਆਂ ਵਿੱਚ ਵੋਟਰ ਵਜੋਂ ਰਜਿਸਟਰ ਕਰਾਉਣ ਜਿੱਥੋਂ ਦੇ ਉਹ ਆਮ ਵਸਨੀਕ ਹਨ, ਨਾ ਕਿ ਉਸ ਥਾਂ 'ਤੇ ਜਿੱਥੇ ਉਨ੍ਹਾਂ ਦਾ ਘਰ ਹੈ। ਇੱਥੇ ਬੂਥ ਪੱਧਰ ਦੇ ਅਧਿਕਾਰੀਆਂ ਦੇ ਇੱਕ ਸਮੂਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, 'ਲੋਕ ਪ੍ਰਤੀਨਿਧ ਐਕਟ ਅਨੁਸਾਰ ਤੁਸੀਂ ਸਿਰਫ਼ ਉਸ ਵਿਧਾਨ ਸਭਾ ਹਲਕੇ ਵਿੱਚ ਵੋਟ ਪਾਉਣ ਦੇ ਹੱਕਦਾਰ ਹੋ, ਜਿੱਥੋਂ ਦੇ ਤੁਸੀਂ ਆਮ ਵਸਨੀਕ ਹੋ। ਮਿਸਾਲ ਵਜੋਂ ਜੇ ਤੁਸੀਂ ਆਮ ਤੌਰ 'ਤੇ ਦਿੱਲੀ ਵਿੱਚ ਰਹਿੰਦੇ ਹੋ ਪਰ ਪਟਨਾ ਵਿੱਚ ਇੱਕ ਘਰ ਦੇ ਮਾਲਕ ਹੋ ਤਾਂ ਤੁਹਾਡੀ ਵੋਟ ਦਿੱਲੀ ਵਿੱਚ ਰਜਿਸਟਰ ਹੋਣੀ ਚਾਹੀਦੀ ਹੈ ਨਾ ਕਿ ਪਟਨਾ ਵਿੱਚ।' ਇਸੇ ਦੌਰਾਨ ਚੋਣ ਕਮਿਸ਼ਨ ਨੇ ਬਿਹਾਰ 'ਚ ਵੋਟਰ ਸੂਚੀ ਦੀ ਵਿਸ਼ੇਸ਼ ਮੁੜ ਪੜਤਾਲ ਨੂੰ ਲੈ ਕੇ ਕਾਂਗਰਸ ਦੀ ਮੰਗ 'ਤੇ ਵਿਰੋਧੀ ਧਿਰਾਂ ਦੇ ਵਫ਼ਦ ਨਾਲ ਸੱਦੀ ਮੀਟਿੰਗ ਮੁਲਤਵੀ ਕਰ ਦਿੱਤੀ ਹੈ ਕਿਉਂਕਿ ਹੁਣ ਤੱਕ ਕਿਸੇ ਵੀ ਪਾਰਟੀ ਨੇ ਆਪਣੀ ਹਾਜ਼ਰੀ ਦੀ ਪੁਸ਼ਟੀ ਨਹੀਂ ਕੀਤੀ ਹੈ। ਸੂਤਰਾਂ ਦੱਸਿਆ ਕਿ 30 ਜੂਨ ਨੂੰ ਭੇਜੀ ਗਈ ਇੱਕ ਈਮੇਲ 'ਚ ਕਾਂਗਰਸ ਨੇ ਵੋਟਰ ਸੂਚੀ ਦੀ ਸੋਧ ਸਬੰਧੀ ਕਵਾਇਦ ਦੇ ਸਬੰਧ ਵਿੱਚ ਕਈ ਸਿਆਸੀ ਪਾਰਟੀਆਂ ਵੱਲੋਂ ਦੋ ਜੁਲਾਈ ਨੂੰ ਚੋਣ ਕਮਿਸ਼ਨ ਨਾਲ ਤੁਰੰਤ ਮੀਟਿੰਗ ਦੀ ਮੰਗ ਕੀਤੀ ਸੀ। ਸੂਤਰਾਂ ਨੇ ਦੱਸਿਆ ਕਿ ਕਮਿਸ਼ਨ ਨੇ ਇਨ੍ਹਾਂ ਪਾਰਟੀਆਂ ਨੂੰ ਮੀਟਿੰਗ ਲਈ ਪੁਸ਼ਟੀ ਕਰਨ ਨੂੰ ਕਿਹਾ ਸੀ ਪਰ ਹੁਣ ਤੱਕ ਉਸ ਨੂੰ ਕਿਸੇ ਵੀ ਪਾਰਟੀ ਤੋਂ ਪੁਸ਼ਟੀ ਨਹੀਂ ਮਿਲੀ ਹੈ। ਇਸ ਲਈ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ।




# ਸੁਪਰੀਮ ਕੋਰਟ ਦੇ ਮੁਲਾਜ਼ਮਾਂ ਲਈ ਰਾਖਵਾਂਕਰਨ ਸ਼ੁਰੂ

**ਨਵੀਂ ਦਿਲੀ।** ਸੁਪਰੀਮ ਕੋਰਟ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਅਪਣੇ ਕਰਮਚਾਰੀਆਂ ਦੀ ਸਿੱਧੀ ਨਿਯੁਕਤੀ ਅਤੇ ਤਰੱਕੀ ਲਈ ਪਹਿਲੀ ਵਾਰ ਰਸਮੀ ਰਾਖਵਾਂਕਰਨ ਨੀਤੀ ਪੇਸ਼ ਕੀਤੀ ਹੈ। ਸੁਪਰੀਮ ਕੋਰਟ ਦੇ ਸਾਰੇ ਕਰਮਚਾਰੀਆਂ ਨੂੰ 24 ਜੂਨ ਨੂੰ ਜਾਰੀ ਇਕ ਸਰਕੂਲਰ ਵਿਚ ਇਸ ਫੈਸਲੇ ਬਾਰੇ ਸੂਚਿਤ ਕੀਤਾ ਗਿਆ ਸੀ। ਸਮਰੱਥ ਅਥਾਰਟੀ ਦੇ ਹੁਕਮਾਂ ਅਨੁਸਾਰ, ਇਹ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕਰਨਾ ਹੈ ਕਿ ਮਾਡਲ ਰਿਜ਼ਰਵੇਸ਼ਨ ਰੋਸਟਰ ਅਤੇ ਰਜਿਸਟਰ ਨੂੰ ਸੁਪਨੇਟ (ਅੰਦਰੂਨੀ ਈਮੇਲ ਨੈੱਟਵਰਕ) ਉਤੇ ਅਪਲੋਡ ਕੀਤਾ ਗਿਆ ਹੈ ਅਤੇ ਇਸ ਨੂੰ 23 ਜੂਨ, 2025 ਤੋਂ ਲਾਗੂ ਕੀਤਾ ਗਿਆ ਹੈ। ਸਰਕੂਲਰ ਵਿਚ ਅੱਗੇ ਕਿਹਾ ਗਿਆ ਹੈ ਕਿ ਜੇਕਰ ਕਿਸੇ ਸਟਾਫ ਮੈਂਬਰ ਵਲੋਂ ਰੋਸਟਰ ਜਾਂ ਰਜਿਸਟਰ ਵਿਚ ਗਲਤੀਆਂ ਜਾਂ ਗਲਤੀਆਂ ਬਾਰੇ ਇਤਰਾਜ਼/ਨੁਮਾਇੰਦਗੀ ਕੀਤੀ ਜਾਂਦੀ ਹੈ ਤਾਂ ਉਹ ਇਸ ਬਾਰੇ ਰਜਿਸਟਰਾਰ (ਭਰਤੀ) ਨੂੰ ਸੂਚਿਤ ਕਰ ਸਕਦੇ ਹਨ। ਸਰਕੂਲਰ ਅਤੇ ਮਾਡਲ ਰੋਸਟਰ ਦੇ ਅਨੁਸਾਰ, ਸੁਪਰੀਮ ਕੋਰਟ ਦੇ ਕਰਮਚਾਰੀਆਂ ਨੂੰ ਤਰੱਕੀ ਵਿਚ 15 ਫ਼ੀ ਸਦੀ ਅਤੇ ਐਸ.ਟੀ. ਕਰਮਚਾਰੀਆਂ ਨੂੰ 7.5 ਫ਼ੀ ਸਦੀ ਕੋਟਾ ਮਿਲੇਗਾ। ਨੀਤੀ ਅਨੁਸਾਰ, ਕੋਟੇ ਦਾ ਲਾਭ ਰਜਿਸਟਰਾਰਾਂ, ਸੀਨੀਅਰ ਨਿੱਜੀ ਸਹਾਇਕਾਂ, ਸਹਾਇਕ ਲਾਇਬ੍ਰੇਰੀਅਨਾਂ, ਜੂਨੀਅਰ ਕੋਰਟ ਸਹਾਇਕਾਂ ਅਤੇ ਚੈਂਬਰ ਅਟੈਂਡੈਂਟਾਂ ਨੂੰ ਉਪਲਬਧ ਹੋਵੇਗਾ।



# ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਨਹਾਉਣ ਅਤੇ ਕਿਨਾਰਿਆਂ ਤੇ ਘੁੰਮਣ 'ਤੇ ਪੂਰਨ ਪਾਬੰਦੀ

**ਰੂਪਨਗਰ।** ਉੱਤਰੀ ਭਾਰਤ ਵਿੱਚ ਮਾਨਸੂਨ ਆਉਂਦੇ ਸਾਰ ਹੀ ਭਾਰੀ ਮੀਂਹ ਪੈਣੇ ਸ਼ੁਰੂ ਹੋ ਗਏ ਹਨ। ਹਿਮਾਚਲ, ਪੰਜਾਬ ਤੇ ਹਰਿਆਣਾ ਵਿੱਚ ਕੁਝ ਦਿਨਾਂ ਤੋਂ ਮੀਂਹ ਪੈ ਰਿਹਾ ਹੈ। ਮੀਂਹ ਪੈਣ ਕਰਕੇ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਵੱਧ ਜਾ ਰਿਹਾ ਹੈ। ਡੈਮ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਰੂਪਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਵਰਜੀਤ ਵਾਲੀਆ ਵੱਲੋਂ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ ਤੇ ਹੋਰ ਸਾਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਬੱਚਿਆਂ ਅਤੇ ਆਮ ਵਿਅਕਤੀਆਂ ਦੇ ਨਹਾਉਣ 'ਤੇ ਅਤੇ ਇਨ੍ਹਾਂ ਦੇ ਕਿਨਾਰਿਆਂ ਦੇ ਘੁੰਮਣ ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।



ਵਰਜੀਤ ਵਾਲੀਆ ਨੇ ਦੱਸਿਆ ਕਿ ਗਰਮੀ ਅਤੇ ਮਾਨਸੂਨ ਦਾ ਸੀਜ਼ਨ ਚੱਲ ਰਿਹਾ ਹੈ, ਜਿਸ ਕਾਰਨ ਕਈ ਬੱਚੇ ਅਤੇ ਆਮ ਵਿਅਕਤੀ ਗਰਮੀ ਦੀ ਮਾਰ ਤੋਂ ਬਚਣ ਲਈ ਆਪਣੇ ਨੇੜੇ ਪੈਂਦੇ ਸਤਲੁਜ ਦਰਿਆ/ ਦੂਸਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਨਹਾਉਣ/ਤੈਰਨ ਲਈ ਚਲੇ ਜਾਂਦੇ ਹਨ, ਪ੍ਰੰਤੂ ਜਿਵੇਂ ਕਿ ਅੱਜ ਕੱਲ੍ਹ ਪਹਾੜਾਂ ਉੱਪਰ ਬਹੁਤ ਬਰਸਾਤ ਹੋ ਰਹੀ ਹੈ, ਪਾਣੀ ਤੇਜ਼ੀ ਨਾਲ ਭਾਖੜਾ ਡੈਮ ਵਿੱਚ ਆ ਰਿਹਾ ਹੈ, ਜਿਸ ਕਾਰਨ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਭਾਖੜਾ ਬਿਆਸ ਮੈਨੈਜਮੈਂਟ ਬੋਰਡ ਵੱਲੋਂ ਵੀ ਸਤਲੁਜ ਦਰਿਆ/ਨਹਿਰਾਂ ਵਿੱਚ ਪਾਣੀ ਛੱਡਿਆ ਜਾਂਦਾ ਹੈ। ਇਸ ਕਾਰਨ ਆਮ ਪਬਲਿਕ ਨੂੰ ਪਤਾ ਨਹੀਂ ਚੱਲਦਾ ਕਿ ਕਿਸ ਸਮੇਂ ਦਰਿਆ/ਨਹਿਰਾਂ/ਨਦੀਆਂ ਅਤੇ ਸੂਇਆਂ ਵਿੱਚ ਪਾਣੀ ਦਾ ਪੱਧਰ ਅਚਾਨਕ ਵੱਧ ਜਾਂਦਾ ਹੈ ਜਾਂ ਕਈਆਂ ਨੂੰ ਪਾਣੀ ਡੂੰਘੇ ਹੋਣ ਦਾ ਗਿਆਨ ਨਹੀਂ ਹੁੰਦਾ। ਜਿਸ ਕਾਰਨ ਉਨ੍ਹਾਂ ਦਾ ਸੰਭਲਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਡੁੱਬ ਕੇ ਮੌਤ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

ਇਸ ਲਈ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ/ਹੋਰ ਸਾਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਬੱਚੇ ਅਤੇ ਆਮ ਵਿਅਕਤੀਆਂ ਦੇ ਨਹਾਉਣ ਅਤੇ ਇਨ੍ਹਾਂ ਦੇ ਕਿਨਾਰਿਆਂ ਦੇ ਘੁੰਮਣ 'ਤੇ ਧਾਰਾ 163 ਦੇ ਅਧੀਨ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਂਦੀ ਹੈ। ਇਹ ਹੁਕਮ 30 ਅਗਸਤ 2025 ਤੱਕ ਲਾਗੂ ਰਹਿਣਗੇ।

## ਜ਼ੀਰਕਪੁਰ ’ਚ ਪੀਜੀ ਦੀ ਚੌਥੀ ਮੰਜਿਲ ਤੋਂ ਲੜਕੀ ਨੇ ਮਾਰੀ ਛਾਲ

**ਜ਼ੀਰਕਪੁਰ।** ਜ਼ੀਰਕਪੁਰ ਤੋਂ ਦੁਖਦਾਈ ਖ਼ਬਰ ਸਾਹਮਣੇ ਆਈ ਹੈ ਜਿਥੇ ਪੀਜੀ ਦੀ ਚੌਥੀ ਮੰਜਿਲ ਤੋਂ ਲੜਕੀ ਨੇ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਨੇ ਦੱਸਿਆ ਕਿ ਲੜਕੀ 15 ਦਿਨ ਪਹਿਲਾਂ ਹੀ ਪੀਜੀ ’ਚ ਰਹਿਣ ਆਈ ਸੀ। ਮ੍ਰਿਤਕਾ ਊਸ਼ਾ ਰਾਣੀ ਇੱਕ ਪ੍ਰਾਈਵੇਟ ਕੰਪਨੀ ’ਚ ਕੰਮ ਕਰਦੀ ਸੀ। ਮ੍ਰਿਤਕ ਹਿਮਾਚਲ ਦੀ ਰਹਿਣ ਵਾਲੀ ਦੱਸੀ ਜਾ ਰਹੀ ਹੈ। ਪੁਲਿਸ ਨੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਹੈ। ਪੁਲਿਸ ਨੂੰ ਸਵੇਰੇ 4 ਵਜੇ ਸੂਚਨਾ ਮਿਲੀ ਮੌਕੇ ’ਤੇ ਪਹੁੰਚ ਕੇ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਰਕਾਰੀ ਹਸਪਤਾਲ ਵਿੱਚ ਰਖਵਾ ਦਿੱਤਾ ਹੈ।



## ਸੰਗਰੂਰ ਵਾਲਿਆਂ ਲਈ ਖ਼ਤਰੇ ਦੀ ਘੰਟੀ ! ਘੱਗਰ ਦਰਿਆ 'ਚ ਵਧਿਆ ਪਾਣੀ, ਪੂਰੇ ਜ਼ਿਲ੍ਹੇ 'ਚ ਅਲਰਟ ਜਾਰੀ

**ਸੰਗਰੂਰ।** ਪੰਜਾਬ 'ਚ ਇਸ ਵੇਲੇ ਭਾਰੀ ਮੀਂਹ ਦਾ ਦੌਰ ਚੱਲ ਰਿਹਾ ਹੈ, ਨਾਲ ਦੇ ਸੂਬੇ ਵਿਚ ਵੀ ਭਾਰੀ ਮੀਂਹ ਪੈਣ ਕਾਰਨ ਦਰਿਆਵਾਂ 'ਚ ਪਾਣੀ ਦਾ ਪੱਧਰ ਹੌਲੀ-ਹੌਲੀ ਵੱਧ ਰਿਹਾ ਹੈ। ਇਸ ਦੇ ਮੱਦੇਨਜ਼ਰ ਸੰਗਰੂਰ ਵਾਸੀਆਂ ਲਈ ਖ਼ਤਰੇ ਦੀ ਘੰਟੀ ਹੈ। ਦਰਅਸਲ ਖ਼ਨੌਰੀ ਤੋਂ ਘੱਗਰ ਦਰਿਆ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਘੱਗਰ ਦਰਿਆਂ 'ਚ ਪਿਛਲੇ 12 ਘੰਟਿਆਂ ਦੌਰਾਨ 5 ਫੁੱਟ ਦੇ ਕਰੀਬ ਪਾਣੀ ਦਾ ਪੱਧਰ ਵੱਧ ਗਿਆ ਹੈ।

ਘੱਗਰ 'ਚ ਪਾਣੀ ਦਾ ਲੈਵਲ 730 ਤੋਂ 735 ਫੁੱਟ ਤੱਕ ਪੁੱਜ ਗਿਆ ਹੈ, ਜਦੋਂ ਕਿ 748 ਫੁੱਟ 'ਤੇ ਖ਼ਤਰੇ ਦਾ ਨਿਸ਼ਾਨ ਹੈ। ਪਿਛਲੇ ਦਿਨਾਂ ਤੋਂ ਪਹਾੜਾਂ ਦੇ ਵਿੱਚ ਹੋਰ ਹੀ ਬਰਸਾਤ ਦੇ ਚਲਦਿਆਂ ਪਾਣੀ ਦਾ ਪੱਧਰ ਹੋਰ ਵਧਣ ਦੇ ਆਸਾਰ ਹਨ। ਕੱਲ੍ਹ ਸੰਗਰੂਰ ਦੇ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੇ ਪੂਰੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਘੱਗਰ ਦਰਿਆ ਦਾ ਦੌਰਾ ਕੀਤਾ ਸੀ। ਤੁਹਾਨੂੰ ਦੱਸ ਦਈਏ ਕਿ 2023 ਦੇ ਵਿੱਚ ਵੀ ਇਸ ਤਰੀਕੇ ਨਾਲ ਹੀ ਬਰਸਾਤਾਂ ਹੋਣ ਦੇ ਕਾਰਨ ਘੱਗਰ ਦਰਿਆ ਦੇ ਵਿੱਚ ਪਾਣੀ ਦਾ ਪੱਧਰ ਵਧ ਗਿਆ ਸੀ



ਅਤੇ 57 ਜਗ੍ਹਾ ਤੋਂ ਘੱਗਰ ਦੇ ਕਿਨ-ਾਰੇ ਟੁੱਟਣ ਤੋਂ ਬਾਅਦ ਪਾਣੀ ਓਵਰਫਲੋ ਹੋ ਕੇ ਕਈ ਦਿਨ ਕਿਸਾਨਾਂ ਦੇ ਖੇਤਾਂ ਵਿੱਚ ਅਤੇ ਨਜ਼ਦੀਕੀ ਪਿੰਡਾਂ ਦੇ ਵਿੱਚ ਪਾਣੀ ਜਾਂਦਾ ਰਿਹਾ। ਇਸ ਪਾਣੀ ਨੇ ਹਜ਼ਾਰਾਂ ਏਕੜ ਫ਼ਸਲ ਖਨੌਰੀ ਅਤੇ ਮੂਨਕ ਇਲਾਕੇ ਦੇ ਪਿੰਡਾਂ ਵਿੱਚ ਤਬਾਹ ਕਰ ਦਿੱਤੀ ਸੀ। ਇਸ ਵਾਰ ਫਿਰ ਪਹਾੜਾਂ ਦੇ ਵਿੱਚ ਵੱਡੇ ਪੱਧਰ ਦੇ ਵਿੱਚ ਮੀਂਹ ਪੈ ਰਿਹਾ ਹੈ ਅਤੇ ਭਾਰੀ ਤਬਾਹੀ ਹੋ ਰਹੀ ਹੈ ਉਹੀ ਪਹਾੜ ਦਾ ਪਾਣੀ ਮੈਦਾਨੀ ਇਲਾਕਿਆਂ ਵਿੱਚ ਆਉਂਦਾ ਹੈ ਤੇ ਲਗਭਗ ਹਿਮਾਚਲ ਦਾ ਕਾਫ਼ੀ ਪਾਣੀ ਘੱਗਰ ਦਰਿਆ ਵਿੱਚ ਆਉਂਦਾ ਹੈ ਜੋ ਕਿ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਕੀ ਸੰਗਰੂਰ ਪ੍ਰਸ਼ਾਸਨ ਲਗਾਤਾਰ ਅਲਰਟ ਤੇ ਹੈ ਅਤੇ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਨਵੀ ਮੁੰਬਈ ’ਚ 1 ਲੱਖ ਰੁਪਏ ਦੀ ਹੈਰੋਇਨ ਸਮੇਤ ਦੋ ਨੌਜਵਾਨ ਗ੍ਰਿਫ਼ਤਾਰ, ਦੋਵਾਂ ਕੋਲੋਂ 35 ਗ੍ਰਾਮ ਹੈਰੋਇਨ ਹੋਈ ਬਰਾਮਦ

**ਮੁੰਬਈ।** ਪੁਲਿਸ ਨੇ ਮਹਾਰਾਸ਼ਟਰ ਦੇ ਨਵੀਂ ਮੁੰਬਈ ਟਾਊਨਸ਼ਿਪ ਵਿੱਚ 1.05 ਲੱਖ ਰੁਪਏ ਦੀ ਹੈਰੋਇਨ ਜ਼ਬਤ ਕਰਨ ਤੋਂ ਬਾਅਦ ਪੰਜਾਬ ਦੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰੀ ਨੇ ਮੰਗਲਵਾਰ ਨੂੰ ਦੱਸਿਆ। ਇੱਕ ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਐਤਵਾਰ ਦੇਰ ਰਾਤ ਨਵੀਂ ਮੁੰਬਈ ਦੇ ਪਨਵੇਲ ਖੇਤਰ ਵਿੱਚ ਇੱਕ ਨਿਰਮਾਣ ਅਧੀਨ ਪੁਲ ਦੇ ਨੇੜੇ ਇੱਕ ਜਾਲ ਵਿਛਾਇਆ। ਪਨਵੇਲ ਸਿਟੀ ਪੁਲਿਸ ਸਟੇਸ਼ਨ ਦੇ ਸੀਨੀਅਰ ਇੰਸਪੈਕਟਰ ਨਿਤਿਨ ਠਾਕਰੇ ਨੇ ਕਿਹਾ ਕਿ ਦੋਵਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਗੇਂਦ ਅਤੇ ਪੱਥਰ ਦੇ ਰੂਪ ਵਿੱਚ 35 ਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ। ਅਧਿਕਾਰੀ ਨੇ ਕਿਹਾ ਕਿ ਮੁਲਜ਼ਮਾਂ ਦੀ ਪਛਾਣ ਸਤਨਾਮ ਸਿੰਘ ਸੁਖਦੇਵ ਸਿੰਘ (31) ਅਤੇ ਸੁਖਵਿੰਦਰ ਸਿੰਘ ਮੁਕਨਾਰ ਸਿੰਘ (59) ਵਜੋਂ ਹੋਈ ਹੈ, ਦੋਵੇਂ ਪੰਜਾਬ ਦੇ ਤਰਨਤਾਰਨ ਦੇ ਰਹਿਣ ਵਾਲੇ ਹਨ। ਠਾਕਰੇ ਨੇ ਕਿਹਾ ਕਿ ਇਹ ਦੋਵੇਂ ਰਾਜ ਤੋਂ ਬਾਹਰੋਂ ਆਏ




ਸਨ ਅਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਵੰਡਣ ਦੇ ਇਰਾਦੇ ਨਾਲ ਇਸ ਨਸ਼ੀਲੇ ਪਦਾਰਥ ਦੇ ਕਬਜ਼ੇ ਵਿੱਚੋਂ ਮਿਲਿਆ ਸੀ। ਅਧਿਕਾਰੀ ਨੇ ਕਿਹਾ ਕਿ ਦੋਵਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐਨਡੀਪੀਐਸ) ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸਾਡੀ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਸੰਭਾਵਤ ਤੌਰ 'ਤੇ ਇੱਕ ਵੱਡੀ ਡਰੱਗ ਵੰਡ ਲੜੀ ਵਿੱਚ ਸ਼ਾਮਲ ਸਨ। ਠਾਕਰੇ ਨੇ ਕਿਹਾ ਕਿ ਹੋਰ ਸੰਭਾਵਿਤ ਸਬੰਧਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਟ੍ਰਿਬਿਊਨਲ ਨੇ 4 ਜੂਨ ਦੀ ਭਾਜੜ ਲਈ ਆਰ.ਸੀ.ਬੀ. ਨੂੰ ਜ਼ਿੰਮੇਵਾਰ ਠਹਿਰਾਇਆ

**ਨਵੀਂ ਦਿਲੀ।** ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਨੇ ਮੰਗਲਵਾਰ ਨੂੰ ਕਿਹਾ ਕਿ 4 ਜੂਨ ਨੂੰ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਭਾਜੜ ਮਚਣ ਲਈ ਰਾਇਲ ਚੈਲੇਂਜਰਜ਼ ਬੈਂਗਲੁਰੂ (ਆਰ.ਸੀ.ਬੀ.) ਪਹਿਲੀ ਨਜ਼ਰ 'ਚ ਜ਼ਿੰਮੇਵਾਰ ਹੈ। ਐਮ. ਚਿੰਨਾਸਵਾਮੀ ਸਟੇਡੀਅਮ ਦੇ ਸਾਹਮਣੇ 4 ਜੂਨ ਨੂੰ ਵਾਪਰੀ ਦੁਖਦਾਈ ਘਟਨਾ ਵਿਚ 11 ਲੋਕਾਂ ਦੀ ਮੌਤ ਹੋ ਗਈ ਸੀ ਜਿਸ ਦੀ ਯੋਜਨਾਬੰਦੀ ਅਤੇ ਭੀੜ ਪ੍ਰਬੰਧਨ ਲਈ ਤਿੱਖੀ ਆਲੋਚਨਾ ਹੋਈ ਸੀ।



ਆਰ.ਸੀ.ਬੀ. ਵਲੋਂ ਟੀਮ ਦੀ ਪਹਿਲੀ ਆਈ.ਪੀ.ਐਲ. ਜਿੱਤ ਦਾ ਜਸ਼ਨ ਮਨਾਉਣ ਲਈ ਵਿਧਾਨ ਸੁਧਾ ਤੋਂ ਜਿੱਤ ਪਰੇਡ ਅਤੇ ਸਟੇਡੀਅਮ ਵਿਚ ਪ੍ਰਸ਼ੰਸਕਾਂ ਦੀ ਸ਼ਮੂਲੀਅਤ ਵਾਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਤੋਂ ਬਾਅਦ ਸਟੇਡੀਅਮ ਦੇ ਨੇੜੇ ਐਮ.ਜੀ. ਰੋਡ ਅਤੇ ਕਬਨ ਰੋਡ ਇਲਾਕਿਆਂ ਵਿਚ ਲਗਭਗ 2.5 ਲੱਖ ਪ੍ਰਸ਼ੰਸਕ ਇਕੱਠੇ ਹੋਏ ਸਨ। ਟ੍ਰਿਬਿਊਨਲ ਨੇ ਕਿਹਾ, ''... ਇਸ ਲਈ, ਪਹਿਲੀ ਨਜ਼ਰ ਵਿਚ ਇਹ ਜਾਪਦਾ ਹੈ ਕਿ ਆਰ.ਸੀ.ਬੀ. ਲਗਭਗ ਤਿੰਨ ਤੋਂ ਪੰਜ ਲੱਖ ਲੋਕਾਂ ਦੇ ਇਕੱਠੇ ਹੋਣ ਲਈ ਜ਼ਿੰਮੇਵਾਰ ਹੈ। ਆਰ.ਸੀ.ਬੀ. ਨੇ ਪੁਲਿਸ ਤੋਂ ਉਚਿਤ ਇਜਾਜ਼ਤ ਜਾਂ ਸਹਿਮਤੀ ਨਹੀਂ ਲਈ।'' ਟ੍ਰਿਬਿਊਨਲ ਨੇ ਅਪਣੇ ਨਿਰੀਖਣ ਵਿਚ ਕਿਹਾ, ''ਅਚਾਨਕ, ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚਾਂ ਉਤੇ ਪੋਸਟ ਕੀਤਾ ਅਤੇ ਉਪਰੋਕਤ ਜਾਣਕਾਰੀ ਦੇ ਨਤੀਜੇ ਵਜੋਂ ਜਨਤਾ ਇਕੱਠੀ ਹੋ ਗਈ।'' ਆਰ.ਸੀ.ਬੀ. ਨੇ ਅਪਣੇ ਸੋਸ਼ਲ ਮੀਡੀਆ ਹੈਂਡਲ ਉਤੇ 4 ਜੂਨ ਦੀ ਸਵੇਰ ਨੂੰ ਪਰੇਡ ਅਤੇ ਪ੍ਰਸ਼ੰਸਕਾਂ ਦੀ ਸ਼ਮੂਲੀਅਤ ਬਾਰੇ ਪੋਸਟ ਕੀਤਾ ਸੀ, ਅਤੇ ਟ੍ਰਿਬਿਊਨਲ ਨੇ ਨੋਟ ਕੀਤਾ ਕਿ ਪੁਲਿਸ ਵਿਭਾਗ ਕੋਲ ਇੰਨੇ ਘੱਟ ਸਮੇਂ ਵਿਚ ਇੰਨੇ ਵੱਡੇ ਇਕੱਠ ਦਾ ਪ੍ਰਬੰਧਨ ਕਰਨ ਲਈ ਲੋੜੀਂਦਾ ਸਮਾਂ ਨਹੀਂ ਸੀ। ਟ੍ਰਿਬਿਊਨਲ ਨੇ ਕਿਹਾ, ''04.06.2026 ਨੂੰ ਸਮੇਂ ਦੀ ਘਾਟ ਕਾਰਨ, ਪੁਲਿਸ ਢੁਕਵੇਂ ਪ੍ਰਬੰਧ ਕਰਨ ਵਿਚ ਅਸਮਰੱਥ ਸੀ। ਪੁਲਿਸ ਨੂੰ ਲੋੜੀਂਦਾ ਸਮਾਂ ਨਹੀਂ ਦਿਤਾ ਗਿਆ। ਅਚਾਨਕ, ਆਰ.ਸੀ.ਬੀ. ਨੇ ਬਿਨਾਂ ਕਿਸੇ ਅਗਾਊਂ ਇਜਾਜ਼ਤ ਦੇ ਉਪਰੋਕਤ ਕਿਸਮ ਦੀ ਪਰੇਸ਼ਾਨੀ ਪੈਦਾ ਕਰ ਦਿਤੀ।'' ਟ੍ਰਿਬਿਊਨਲ ਨੇ ਕਿਹਾ ਕਿ ਪੁਲਿਸ ਮੁਲਾਜ਼ਮ ਵੀ ਇਨਸਾਨ ਹਨ। ਉਹ ਨਾ ਤਾਂ 'ਭਗਵਾਨ' ਹਨ ਅਤੇ ਨਾ ਹੀ ਜਾਦੂਗਰ ਹਨ ਅਤੇ ਉਨ੍ਹਾਂ ਕੋਲ 'ਅਲਾਦੀਨ ਕਾ ਚਿਰਾਗ' ਵਰਗੀਆਂ ਜਾਦੂਈ ਸ਼ਕਤੀਆਂ ਵੀ ਨਹੀਂ ਹਨ ਜੋ ਸਿਰਫ ਉਂਗਲ ਰਗੜ ਕੇ ਕਿਸੇ ਵੀ ਇੱਛਾ ਨੂੰ ਪੂਰਾ ਕਰਨ ਦੇ ਯੋਗ ਸਨ। ਆਰ.ਸੀ.ਬੀ. ਪ੍ਰਬੰਧਨ ਇਸ ਬਾਰੇ ਟਿਪਣੀ ਕਰਨ ਲਈ ਉਪਲਬਧ ਨਹੀਂ ਸੀ।

## ਤੇਲੰਗਾਨਾ ਦੇ ਮੁੱਖ ਮੰਤਰੀ ਨੇ ਫ਼ਾਰਮਾ ਯੂਨਿਟ ਦਾ ਕੀਤਾ ਦੌਰਾ



**ਤੇਲੰਗਾਨਾ।** ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿਗਾਚੀ ਇੰਡਸਟਰੀਜ਼ ਲਿਮਟਿਡ ਦੇ ਪ੍ਰਬੰਧਨ ਨਾਲ ਗੱਲਬਾਤ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪਸ਼ਾਮੀਲਾਰਾਮ ਦੇ ਫ਼ਾਰਮਾ ਪਲਾਂਟ ਵਿਚ ਹੋਏ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ 1 ਕਰੋੜ ਰੁਪਏ ਦਾ ਮੁਆਵਜ਼ਾ ਦਿਤਾ ਜਾਵੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਗੰਭੀਰ ਜ਼ਖ਼ਮੀਆਂ ਨੂੰ 10 ਲੱਖ ਰੁਪਏ ਦਿਤੇ ਜਾਣਗੇ, ਜਦੋਂ ਕਿ ਜਿਹੜੇ ਜ਼ਖ਼ਮੀ ਹਨ ਪਰ ਕੁਝ ਠੀਕ ਹੋਣ ਤੋਂ ਬਾਅਦ ਕੰਮ ਦੁਬਾਰਾ ਸ਼ੁਰੂ ਕਰ ਸਕਦੇ ਹਨ, ਉਨ੍ਹਾਂ ਨੂੰ 5 ਲੱਖ ਰੁਪਏ ਦਿਤੇ ਜਾਣਗੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਕੰਪਨੀ ਪ੍ਰਬੰਧਨ ਨਾਲ ਗੱਲ ਕਰੇਗੀ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿਤਾ ਜਾਵੇਗਾ। ਮੈਂ ਹੁਕਮ ਜਾਰੀ ਕੀਤੇ ਹਨ ਕਿ ਸਰਕਾਰ ਅਤੇ ਕੰਪਨੀ ਦੋਵਾਂ ਪਾਸੇ ਤੋਂ 1 ਕਰੋੜ ਰੁਪਏ ਮੁਆਵਜ਼ਾ ਦਿਤਾ ਜਾਵੇਗਾ। ਇਸ ਤੋਂ ਇਲਾਵਾ, ਰਾਜ ਸਰਕਾਰ ਕਿਸੇ ਵੀ ਤੁਰੰਤ ਅਤੇ ਐਮਰਜੈਂਸੀ ਖਰਚਿਆਂ ਨੂੰ ਪੂਰਾ ਕਰਨ ਲਈ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1-1 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਦੇਵੇਗੀ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਵਿੱਚ ਅਧਿਆਪਕਾਂ ਲਈ POCSO ਐਕਟ ’ਤੇ ਜਾਗਰੂਕਤਾ ਸੈਸ਼ਨ ਆਯੋਜਿਤ

**ਡੇਰਾਬੱਸੀ, (ਸੰਜੀਵ ਸਿੰਘ ਸੈਣੀ ),** ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਵਿਖੇ ਇੱਕ ਵਿਸ਼ੇਸ਼ ਕਾਨੂੰਨੀ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ, ਜਿਸ ਵਿੱਚ POCSO (Proteciton of Cihldren from Sexual Offences) ਐਕਟ ਦੇ ਮਹੱਤਵਪੂਰਨ ਉਪਬੰਧਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਇਸ ਸੈਸ਼ਨ ਦੀ ਅਗਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਹਰਦੀਪ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਨੇ ਅਧਿਆਪਕਾਂ ਨੂੰ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਨੇ POCSO ਐਕਟ 2012 ਦੀਆਂ ਮੁੱਖ ਧਾਰਾਵਾਂ, ਸੁਪਰੀਮ ਕੋਰਟ ਦੇ ਹਾਲੀਆ ਫੈਸਲਿਆਂ ਅਤੇ ਕੁਝ ਅਸਲ ਘਟਨਾਵਾਂ ਦੇ ਹਵਾਲੇ ਨਾਲ ਇਹ ਵੀ ਸਪਸ਼ਟ ਕੀਤਾ ਕਿ



ਲਾਪਰਵਾਹੀ ਕਿਸ ਤਰ੍ਹਾਂ ਅਧਿਆਪਕਾਂ ਨੂੰ ਵੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਵਾ ਸਕਦੀ ਹੈ। ਸੈਸ਼ਨ ਦੌਰਾਨ ਸਕੂਲ ਦੀ ਪ੍ਰਿੰਸੀਪਲ ਡਾ. ਬਸੁੰਧਰਾ ਸਮੇਤ ਸਾਰੇ ਅਧਿਆਪਕ ਮੌਜੂਦ ਸਨ।

ਡਾ. ਬਸੁੰਧਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ, “ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਸਮੇਂ-ਸਮੇਂ ’ਤੇ ਹੋਣੇ ਚਾਹੀਦੇ ਹਨ ਤਾਂ ਜੋ ਅਧਿਆਪਕਾਂ ਨੂੰ ਕਾਨੂੰਨ ਦੀ ਸਹੀ ਜਾਣਕਾਰੀ ਮਿਲੇ ਅਤੇ ਉਹ ਬੱਚਿਆਂ ਦੀ ਸੁਰੱਖਿਆ ਪ੍ਰਤੀ ਹੋਰ ਵੀ ਸੁਚੇਤ ਰਹਿਣ।” ਐਡਵੋਕੇਟ ਹਰਦੀਪ ਸਿੰਘ ਨੇ ਇਹ ਵੀ ਦੱਸਿਆ ਕਿ ਬੱਚਿਆਂ ਨਾਲ ਸੰਬੰਧਤ ਮਾਮਲਿਆਂ ਵਿੱਚ ਕਿਹੋ ਜਿਹੀ ਭਾਸ਼ਾ, ਰਿਪੋਰਟਿੰਗ ਅਤੇ ਵਿਵਹਾਰ ਅਪਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਸੁਝਾਅ ਵੀ ਦਿੱਤਾ ਕਿ ਹਰ ਸਕੂਲ ਨੂੰ Internal Compliants Comimttee ਦੀ ਤਰ੍ਹਾਂ ਇੱਕ Cihld Proteciton Comimttee ਵੀ ਬਣਾਈ ਜਾਣੀ ਚਾਹੀਦੀ ਹੈ।

ਇਸ ਪ੍ਰੋਗਰਾਮ ਨੇ ਅਧਿਆਪਕਾਂ ਨੂੰ ਨਾ ਸਿਰਫ POCSO ਕਾਨੂੰਨ ਦੀਆਂ ਬਾਰੀਕੀਆਂ ਨਾਲ ਜਾਣੂ ਕਰਵਾਇਆ, ਸਗੋਂ ਉਨ੍ਹਾਂ ਨੂੰ ਬੱਚਿਆਂ ਪ੍ਰਤੀ ਆਪਣੀਆਂ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਦਾ ਮੌਕਾ ਵੀ ਦਿੱਤਾ।

# ਰੋਟਰੀ ਕਲੱਬ ਡੇਰਾਬੱਸੀ ਨੇ ਡਾਕਟਰਜ਼ ਡੇਅ ਅਤੇ ਸੀਏ ਡੇਅ ਮਨਾਉਂਦਿਆਂ ਸ਼ਖਸ਼ੀਅਤਾਂ ਨੂੰ ਕੀਤਾ ਸਨਮਾਨਿਤ

**ਡੇਰਾਬੱਸੀ, (ਸੰਜੀਵ ਸਿੰਘ ਸੈਣੀ)** ਰੋਟਰੀ ਇੰਟਰਨੈਸ਼ਨਲ (ਜ਼ਿਲ੍ਹਾ 3080) ਦੇ ਰੋਟਰੀ ਕਲੱਬ ਡੇਰਾਬੱਸੀ ਟਾਊਨ ਵੱਲੋਂ ਸਾਲ 2025-26 ਦੀ ਸ਼ੁਰੂਆਤ ਮੌਕੇ ਪਹਿਲੀ ਜੁਲਾਈ ਨੂੰ ਨੈਸ਼ਨਲ ਡਾਕਟਰ ਡੇਅ ਅਤੇ ਸੀਏ ਦਿਵਸ ਮਨਾਇਆ ਗਿਆ ਲ ਇਸ ਮੌਕੇ ਰੋਟਰੀ ਕਲੱਬ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਲ



ਕਲੱਬ ਦੇ ਪ੍ਰੈੱਸ ਸਕੱਤਰ ਰੋਟੇਰੀਅਨ ਪਰਮਜੀਤ ਰੰਮੀ ਸੈਣੀ ਨੇ ਦੱਸਿਆ ਕੀ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਅਮਿਤ ਬਿੰਦਲ ਦੀ ਅਗਵਾਈ ਹੇਠ ਸਿਵਲ ਹਸਪਤਾਲ ਡੇਰਾਬੱਸੀ ਦੇ ਐਸਐਮਓ ਡਾਕਟਰ ਧਰਮਿੰਦਰ ਸਿੰਘ ਦੀਆਂ ਸਮਾਜ ਪ੍ਰਤੀ ਅਣਥੱਕ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਲ ਇਸੇ ਤਰ੍ਹਾਂ ਡੇਰਾਬੱਸੀ ਦੇ ਸਥਾਨਕ ਹੋਟਲ ਪਾਰਸ ਵਿਖੇ ਰਾਸ਼ਟਰੀ ਸੀਏ ਦਿਵਸ ਮਨਾਉਂਦਿਆਂ ਮਸ਼ਹੂਰ ਸੀਏ ਸੁਧੀਰ ਚੋਪੜਾ ਅਤੇ ਸੀਏ ਪਵਨ ਕੁਮਾਰ ਨੂੰ ਕਲੱਬ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਕਲੱਬ ਦੇ ਪ੍ਰਧਾਨ ਰੋਟੇਰੀਅਨ ਭੁਪਿੰਦਰ ਸੈਣੀ ਨੇ ਕਿਹਾ ਕਿ ਡਾਕਟਰਾਂ ਅਤੇ ਸੀਏ ਸਮਾਜ ਲਈ ਬਹੁਤ ਮਹੱਤਵਪੂਰਨ ਹਨ। "ਇੱਕ ਪਾਸੇ ਜਿੱਥੇ ਸਿਹਤਮੰਦ ਜੀਵਨ ਲਈ ਚੰਗੀ ਸਿਹਤ ਜ਼ਰੂਰੀ ਹੈ, ਉਥੇ ਦੂਜੇ ਪਾਸੇ ਲੇਖਾ ਜੋਖਾ ਇੱਕ ਸਥਿਰ ਆਰਥਿਕ ਪ੍ਰਣਾਲੀ ਲਈ ਜਰੂਰੀ ਹੈ ਲ ਇਸ ਮੌਕੇ ਕਲੱਬ ਦੇ ਪ੍ਰਧਾਨ ਸਟੇਟ ਅਵਾਰਡੀ ਰੋਟੇਰੀਅਨ ਭੁਪਿੰਦਰ ਸੈਣੀ, ਸਕੱਤਰ ਹਰਿੰਦਰ ਹਨੀ, ਕੌਂਸਲਰ ਐਡਵੋਕੇਟ ਵਿਕਰਾਂਤ, ਕੌਂਸਲਰ ਹਰਵਿੰਦਰ ਸਿੰਘ ਪਿੰਕਾ, ਅਮਰ ਚਾਵਲਾ ਤੋਂ ਇਲਾਵਾ ਪਤਵੰਤੇ ਹਾਜ਼ਰ ਸਨ।

# ਦੁਆਬਾ ਯੂਨੀਅਨ ਵੱਲੋਂ ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਥਾਣਾ ਮੁਖੀ ਨਾਲ ਗੱਲਬਾਤ

## ਲੋਕਾਂ ਵਿਚ ਦਹਿਸ਼ਤ ਦਾ ਮਾਹੌਲ - ਕਸ਼ਮੀਰ ਸਿੰਘ ਪੰਨੂ



**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਮਹਿਤਪੁਰ ਇਲਾਕੇ ਵਿਚ ਦਿਨੋਂ ਦਿਨ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਤੇ ਚਿੰਤਾ ਜਾਹਰ ਕਰਦਿਆਂ ਬੀਕੇਯੂ ਦੁਆਬਾ ਵੱਲੋਂ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਦੀ ਅਗਵਾਈ ਹੇਠ ਥਾਣਾ ਮੁਖੀ ਬਲਬੀਰ ਸਿੰਘ ਨਾਲ ਗੱਲਬਾਤ ਕੀਤੀ। ਇਸ ਮੌਕੇ ਗਲਬਾਤ ਕਰਦਿਆਂ ਕਸ਼ਮੀਰ ਸਿੰਘ ਪੰਨੂ ਨੇ ਥਾਣਾ ਮੁਖੀ ਮਹਿਤਪੁਰ ਨੂੰ ਇਲ-ਾਕੇ ਵਿੱਚ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਬਾਬਤ ਜਾਣੂੰ ਕਰਵਾਇਆ ਉਨ੍ਹਾਂ ਕਿਹਾ ਕਿ ਇਲ-ਾਕੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਪਹਿਲਾਂ ਮੋਟਰਾਂ ਦੀਆਂ ਕੇਬਲਾਂ, ਸਟਾਟਰ, ਟਰਾਂਸਫਾਰਮਰਾਂ, ਨੂੰ ਚੋਰਾਂ ਵੱਲੋਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਹੁਣ ਇਲਾਕੇ ਵਿੱਚ ਚੋਰਾਂ ਦੇ ਹੋਂਸਲੇ ਇਹਨੇ ਵੱਧ ਗਏ ਹਨ ਕਿ ਘਰਾਂ ਦੀਆਂ ਕੰਧਾਂ ਵਿੱਚ ਪਾੜ ਪਾ ਕੇ ਘਰਾਂ ਵਿੱਚ ਚੋਰੀਆਂ ਕੀਤੀਆਂ ਜਾ ਰਹੀਆਂ। ਪੰਨੂ ਵੱਲੋਂ ਪ੍ਰੈਸ ਨੂੰ ਦਿੱਤੀ ਜਾਣਕਾਰੀ ਅਨੁਸਾਰ ਪਛਾੜੀਆ 13 ਤੋਲੇ ਸੋਨਾ ਦੋ ਲੱਖ ਰੁਪਏ ਨਗਦ , ਅਵਾਣ ਖਾਲਸਾ 6 ਤੋਲੇ ਸੋਨਾ ਢਾਈ ਲੱਖ ਰੁਪਏ ਨਗਦ, ਸਿੰਘ ਪੁਰ ਸਾਡੇ ਅੱਠ ਤੋਲੇ ਸੋਨਾ ਤੇ ਨਗਦੀ, ਹਰਬੰਸ ਸਿੰਘ ਸ਼ਾਹਪੁਰ ਦੀ ਮਰੂਤੀ ਕਾਰ ਆਦਿਕ ਵੱਡੇ ਪੱਧਰ ਤੇ ਹੋਈਆਂ ਚੋਰੀਆਂ ਹੋਈਆਂ ਹਨ। ਯੂਨੀਅਨ ਨੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਲੋਕਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ । ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਚੋਰਾਂ ਤੇ ਪ੍ਰਸ਼ਾਸਨ ਸਰਕਾਰ ਕਾਰਵਾਈ ਕਰੇ ਤੇ ਲੋਕਾਂ ਦਾ ਚੋਰੀ ਹੋਇਆ ਸੋਨਾ ਨਗਦੀ ਤਰੁੰਤ ਵਾਪਸ ਕਰਾਇਆ ਜਾਵੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਯੂਨੀਅਨ ਵਲੋਂ 14 ਜੁਲਾਈ ਨੂੰ ਐਸ ਐਸ ਪੀ ਜਲੰਧਰ ਨੂੰ ਮਿਲਿਆ ਜਾਵੇਗਾ ਜੇਕਰ ਫ਼ੇਰ ਵੀ ਕੋਈ ਕਾਰਵਾਈ ਨਾ ਹੋਈ ਕਿਸਾਨ ਯੂਨੀਅਨ ਲੋਕਾਂ ਨੂੰ ਨਾਲ ਲੈਕੇ ਸਘੰਰਸ਼ ਕਰਨ ਲਈ ਮਜਬੂਰ ਹੋਵੇਗੀ । ਇਸ ਮੌਕੇ ਮਹਿਤਪੁਰ ਥਾਣੇ ਦੇ ਮੁੱਖ ਅਫਸਰ ਬਲਬੀਰ ਸਿੰਘ ਨੇ ਪ੍ਰੈਸ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਤੇ ਪੁਲਿਸ ਪ੍ਰਸ਼ਾਸਨ ਵਲੋਂ ਪੂਰੀ ਮੁਸਤੈਦੀ ਨਾਲ ਛਾਣਬੀਣ ਕੀਤੀ ਜਾ ਰਹੀ ਹੈ। ਉਨ੍ਹਾਂ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਬਹੁਤ ਜਲਦ ਚੋਰ ਪੁਲਿਸ ਦੀ ਪਕੜ ਵਿੱਚ ਹੋਣਗੇ।ਮੌਕੇ ਕਸ਼ਮੀਰ ਸਿੰਘ ਪੰਨੂ ਤੰਦਾਉਰਾ, ਨਰਿੰਦਰ ਸਿੰਘ ਉਧੋਵਾਲ, ਬਲਵੀਰ ਸਿੰਘ ਉਧੋਵਾਲ ,ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਸਤਨਾਮ ਸਿੰਘ ਮਡਿਆਲਾ ,ਗੁਰਮੇਜ ਸਿੰਘ ਪਛਾੜੀਆ, ਹੀਰਾ ਸਿੰਘ, ਜਸਵੰਤ ਸਿੰਘ ਸਿੰਘਾਪੁਰ, ਬਲਜੀਤ ਸਿੰਘ ਬਾਲੋਕੀ, ਗੁਰਨ-ਾਮ ਸਿੰਘ, ਭਜਨ ਸਿੰਘ,ਹਰਬੰਸ ਸਿੰਘ ਤੰਦਾਉਰਾ ,ਬਲਵਿੰਦਰ ਸਿੰਘ ਬਾਠ ਕਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਨਿਹਾਲੂਵਾਲ 'ਚ ਨਸ਼ੇੜੀ ਪੁੱਤ ਨੇ ਪਿਉ ਦਾ ਕੀਤਾ ਬੇਰਹਿਮੀ ਨਾਲ ਕਤਲ

**ਮਹਿਲ ਕਲਾਂ ( ਗੁਰਭਿੰਦਰ ਗੁਰੀ ) :** ਪੁਲਿਸ ਥਾਣਾ ਮਹਿਲ ਕਲਾਂ ਦੇ ਅਧੀਨ ਆਉਂਦੇ ਪਿੰਡ ਨਿਹਾਲੂਵਾਲ ਵਿਖੇ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ 'ਚ ਇੱਕ ਕਲਯੁਗੀ ਨਸ਼ੇੜੀ ਪੁੱਤਰ ਨੇ ਆਪਣੇ ਹੀ ਪਿਉ ਨੂੰ ਤੇਜ਼ਧਾਰ ਹਥਿਆਰਾਂ ਨਾਲ ਦਿਨ ਦਿਹਾੜੇ ਘਰ ਵਿੱਚ ਹੀ ਕਤਲ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਬੂਟਾ ਸਿੰਘ (70) ਨੂੰ ਉਸਦੇ ਪੁੱਤਰ ਗੁਰਪ੍ਰੀਤ ਸਿੰਘ ਨੇ ਘਰ ਵਿੱਚ ਹੀ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਘਟਨਾਂ ਸਮੇਂ ਬੂਟਾ ਸਿੰਘ ਦੀ ਪਤਨੀ ਅਤੇ ਨੂੰਹ ਪਿੰਡ ਵਿੱਚ ਹੀ ਕਿਸੇ ਸਮਾਗਮ 'ਤੇ ਗਈਆਂ ਹੋਈਆਂ ਸਨ ਤਾਂ ਬਾਅਦ ਵਿੱਚ ਕਥਿਤ ਗੁਰਪ੍ਰੀਤ ਸਿੰਘ ਨੇ ਆਪਣੇ ਪਿਤਾ ਨੂੰ ਮਾਰਨ ਵਾਲੀ ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਨੂੰ ਅੰਜਾਮ ਦਿੱਤਾ। ਪਿੰਡ ਦੇ ਲੋਕ ਇਸ ਦਰਦਨਾਕ ਘਟਨਾ ਦਾ ਕਾਰਨ ਜ਼ਮੀਨ ਨਾਲ ਸਬੰਧਿਤ ਘਰੇਲੂ ਝਗੜੇ ਨੂੰ ਮੰਨ ਰਹੇ ਹਨ। ਇਸ ਘਟਨਾ ਸਬੰਧੀ ਗੱਲ ਕਰਨ ਤੇ ਥਾਣਾ ਮਹਿਲ ਕਲਾਂ ਦੇ ਐਸਐਚਓ ਕਰਮਜੀਤ ਕੌਰ ਨੇ ਕਿਹਾ ਕਿ ਸੂਚਨਾ ਮਿਲਣ ਤੋਂ ਬਾਅਦ ਤੁਰੰਤ ਮੌਕੇ 'ਤੇ ਪੁੱਜ ਕੇ ਪੁਲਿਸ ਪਾਰਟੀ ਨੇ ਬੂਟਾ ਸਿੰਘ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੈ ਅਤੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਦੋਸ਼ੀ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਦੋਸ਼ੀ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਲੱਖਣਪੁਰੀਆਂ ਨੇ ਰਾਮਪਾਲ ਦੇ ਚੇਲਿਆਂ ਦੀ ਖੁੰਬ ਠੱਪੀ,ਸਰਪੰਚ ਨੇ ਪਿੰਡੋਂ ਬਾਹਰ ਦਾ ਰਸਤਾ ਦਿਖਾਇਆ

**ਸਮਰਾਲਾ/ਬਲਬੀਰ ਸਿੰਘ ਬੱਬੀ**

ਇਸ ਵਿੱਚ ਤਾਂ ਕੋਈ ਸ਼ੱਕ ਨਹੀਂ ਕਿ ਗੁਰਾਂ ਦੇ ਨਾਂ ਹੇਠ ਵਸਦਾ ਪੰਜਾਬ ਇਸ ਵੇਲੇ ਪਾਖੰਡੀ ਸਾਧ ਬੂਬਨਿਆ ਦੇ ਚੁੰਗਲ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ ਸਿੱਖ ਵਿਰੋਧੀ ਧਾਰਮਿਕ ਕਾਰਵਾਈਆਂ ਅਨੇਕਾਂ ਡੇਰੇਦਾਰ ਕਰ ਰਹੇ ਹਨ। ਹਿੰਦੂ ਮੱਤ ਨਾਲ ਸੰਬੰਧਿਤ ਕਈ ਡੇਰੇਦਾਰ ਪੰਜਾਬ ਵਿੱਚ ਆਪਣੇ ਡੇਰੇ ਸਥਾਪਿਤ ਕਰ ਰਹੇ ਹਨ ਤੇ ਅੱਗੋਂ ਪਿੰਡਾਂ ਦੇ ਭੋਲੇ ਭਾਲੇ ਲੋਕਾਂ ਨੂੰ ਡੇਰੇ ਨਾਲ ਜੋੜ ਕੇ ਉਹਨਾਂ ਦਾ ਧਾਰਮਿਕ ਸ਼ੋਸ਼ਣ ਕਰਦੇ ਹਨ ਤੇ ਗਰੀਬ ਲੋਕਾਂ ਨੂੰ ਧਰਮ ਤਬਦੀਲ ਕਰਨ ਦੇ ਲਈ ਲਾਲਚ ਲਾ ਦਿੱਤਾ ਜਾਂਦਾ ਹੈ।

ਇਹ ਸਭ ਕੁਝ ਪੰਜਾਬ ਦੇ ਅਲੱਗ ਅਲੱਗ ਹਿੱਸਿਆਂ ਦੇ ਵਿੱਚ ਅਕਸਰ ਹੀ ਦੇਖਦੇ ਹਾਂ। ਆਪਣੇ ਆਪ ਨੂੰ ਕਬੀਰ ਪੰਥੀ ਵਜੋਂ ਦਿਖਾਵਾ ਕਰਨ ਵਾਲੇ ਸਤਲੋਕ ਆਸ਼ਰਮ ਦੇ ਰਾਮਪ-ਾਲ ਨੂੰ ਕੌਣ ਨਹੀਂ ਜਾਣਦਾ ਜਿਸ ਦੇ ਉੱਪਰ ਹਰਿਆਊ ਵਿੱਚ ਸਖ਼ਤ ਕਾਰਵਾਈ ਹੋਈ ਤੇ ਇਸ ਵੇਲੇ ਜੇਲ ਯਾਤਰਾ ਉੱਤੇ ਹੈ ਤਾਰੀਖਾਂ ਭੁਗਤ ਰਿਹਾ ਹੈ। ਉਸਨੇ ਹਰਿਆਣੇ ਤੋਂ ਬਾਅਦ ਹੁਣ ਪੰਜਾਬ ਦੇ ਵਿੱਚ ਆਪਣੇ ਨਾਮ ਉੱਤੇ ਆਸ਼ਰਮ





ਖੋਲਣੇ ਸ਼ੁਰੂ ਕਰ ਦਿੱਤੇ ਹਨ ਤੇ ਪਿੰਡਾਂ ਦੇ ਵਿੱਚ ਮਦਦ ਦੇ ਨਾਂ ਉੱਤੇ ਲੋਕਾਂ ਨੂੰ ਆਪਣੇ ਡੇਰੇ ਨਾਲ ਜੋੜਿਆ ਜਾਂਦਾ ਹੈ। ਅਜਿਹਾ ਹੀ ਮਾਮਲਾ ਖਮਾਣੋਂ ਨਜ਼ਦੀਕ ਲੱਖਣਪੁਰ ਪਿੰਡ ਦੇ ਵਿੱਚੋਂ ਸਾਹਮਣੇ ਆਇਆ ਇਹ ਮਾਮਲਾ ਆਪਣੇ ਆਪ ਵਿੱਚ ਅਜੀਬ ਹੈ ਖਮਾਣੋਂ ਤੋਂ ਰਾਮਪਾਲ ਦੇ ਡੇਰੇ ਨਾਲ ਸੰਬੰਧਿਤ ਉਸਦੇ ਸੇਵਾਦਾਰ ਲੱਖਣਪੁਰ ਪਿੰਡ ਦੇ ਵਿੱਚ ਇੱਕ ਗਰੀਬ ਪਰਿਵਾਰ ਦਾ ਘਰ ਬਣਾਉਣ ਦੇ ਸੰਬੰਧ ਵਿੱਚ ਆਏ। ਇਹ ਪਹਿਲੋਂ ਵੀ ਆਏ ਸਨ ਤੇ ਅੱਜ ਦੂਜੀ ਵਾਰ ਆਏ ਜਦੋਂ ਇਸ ਦੀ ਭਿਣਕ ਪਿੰਡ ਵਾਸੀਆਂ ਨੂੰ ਲੱਗੀ ਤਾਂ ਉਹਨਾਂ ਨੇ ਇਹਨਾਂ ਨੂੰ ਘੇਰਾ ਪਾ ਲਿਆ ਉਸ ਤੋਂ ਬਾਅਦ ਪਿੰਡ ਦੇ ਨੌਜਵਾਨ ਸਰਪੰਚ ਬਲਵਿੰਦਰ ਸਿੰਘ ਬਿੰਦਾ ਨੇ ਇਹਨਾਂ ਨੂੰ ਆਉਣ ਦਾ ਕਾਰਨ ਪੁੱਛਿਆ, ਰਾਮਪਾਲ ਦੇ ਸੇਵਾਦਾਰ ਇਹ ਕਹਿ ਰਹੇ ਸਨ ਕਿ ਅਸੀਂ ਇਹਨਾਂ ਦਾ ਮਕਾਨ ਬਣਾ ਕੇ ਦੇਣਾ ਹੈ ਇਹ ਸਾਡੇ ਕੋਲ ਪੁੱਜੇ ਹਨ ਅਸੀਂ ਇਹਨਾਂ ਦੀ ਮਦਦ ਕਰਨ ਲਈ ਆਏ ਹਾਂ ਸਰਪੰਚ ਨੇ ਜੁਰਤ ਦਿਖਾਉਂਦਿਆਂ ਇਹਨਾਂ ਨੂੰ ਗੱਲਬਾਤ ਕਰਨ ਲਈ ਕਿਹਾ ਪਰ ਇਹ ਟੋਲਾ ਕੋਈ ਠੋਸ ਨਾ ਜਵਾਬ ਦੇ ਸਕਿਆ ਤੇ ਉਥੋਂ ਜਾਣ ਵਿੱਚ ਹੀ ਭਲਾਈ ਸਮਝੀ ਜਿਸ ਗੱਡੀ ਵਿੱਚ ਇਹ ਆਏ ਸਨ ਉਸ ਦੇ ਉੱਪਰ ਰਾਮਪਾਲ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ ਤੇ ਇਹ ਖਮਾਣੋ ਵਿੱਚ ਬਣੇ ਡੇਰੇ ਨਾਲ ਸੰਬੰਧਿਤ ਦੱਸੇ ਜਾ ਰਹੇ ਹਨ। ਸਰਪੰਚ ਨੇ ਇਹਨਾਂ ਦੀ ਜੋ ਖੁੰਬ ਠੱਪੀ ਹੈ ਉਸ ਦੀ ਵੀਡੀਓ ਵੀ ਬਣੀ ਜੋ ਕਿ ਸੋਸ਼ਲ ਮੀਡੀਆ ਦੇ ਉੱਪਰ ਬਹੁਤ ਵਾਇਰਲ ਹੋ ਰਹੀ ਹੈ।

# ਸੀ.ਟੀ. ਯੂਨੀਵਰਸਿਟੀ ਨੇ ਮੈਡੀਕਲ ਮਾਈਕੋਲੋਜੀ ਅਤੇ ਰੇਸ਼ਮ ਕੇੜਿਆਂ ‘ਤੇ ਖੋਜ ਲਈ ਟੇਕਯੋ ਯੂਨੀਵਰਸਿਟੀ, ਜਪਾਨ ਨਾਲ ਗਲੋਬਲ ਸਹਿਯੋਗ ਮਜ਼ਬੂਤ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੰਤਰਰਾਸ਼ਟਰੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ, ਸੀ.ਟੀ. ਯੂਨੀਵਰਸਿਟੀ ਦੇ ਇੱਕ ਵਿਸ਼ੇਸ਼ ਡੈਲੀਗੇਸ਼ਨ ਨੇ ਹਾਲ ਹੀ ਵਿੱਚ ਜਪਾਨ ਦੀ ਟੇਕਯੋ ਯੂਨੀਵਰਸਿਟੀ ਦਾ ਦੌਰਾ ਕੀਤਾ। ਇਸ ਯਾਤਰਾ ਦਾ ਮਕਸਦ ਖੋਜ ਸਾਂਝੇਦਾਰੀ ਅਤੇ ਅਕੈਡਮਿਕ ਐਕਸਚੇਂਜ ਦੇ ਮੌਕਿਆਂ ਨੂੰ ਤਲਾਸ਼ਣਾ ਸੀ।ਇਸ ਡੈਲੀਗੇਸ਼ਨ ਦੀ ਅਗਵਾਈ ਡਾ: ਵੀਰ ਵਿਕ੍ਰਮ ਨੇ ਕੀਤੀ, ਜਿਨ੍ਹਾਂ ਦੇ ਨਾਲ ਉਹਨਾਂ ਦੇ ਪੀਐਚ.ਡੀ. ਵਿਦਿਆਰਥੀ ਰੌਏ ਵੀ ਸ਼ਾਮਲ ਸਨ। ਇਹ ਕਦਮ ਸਰਹੱਦੀ ਸਹਿਯੋਗ ਵਧਾਉਣ ਵੱਲ ਇੱਕ ਮਹੱਤਵਪੂਰਨ ਪਹਿਲ ਰਿਹਾ। ਦੌਰੇ ਦੌਰਾਨ ਡਾ: ਵੀਰ ਵਿਕ੍ਰਮ ਅਤੇ ਰੌਏ ਨੇ ਟੇਕਯੋ ਯੂਨੀਵਰਸਿਟੀ ਦੇ ਮਸ਼ਹੂਰ ਅਧਿਆਪਕਾਂ, ਜਿਵੇਂ ਕਿ ਡਾ: ਅਤਸੁਸ਼ੀ ਮਿਯਾਸ਼ਿਤਾ ਅਤੇ ਯੂਨੀਵਰਸਿਟੀ ਡਾਇਰੈਕਟਰ ਕੋਇਚੀ ਮਾਕਿਮੁਰਾ ਨਾਲ ਗਹਿਰੇ ਵਿਚਾਰ-ਚਰਚਾ ਕੀਤੀ।

ਇਨ੍ਹਾਂ ਵਿਚਾਰਾਂ ਵਿੱਚ ਸਾਂਝੇ ਖੋਜ ਪ੍ਰੋਜੈਕਟਾਂ, ਵਿਦਿਆਰਥੀ ਐਕਸਚੇਂਜ ਪ੍ਰੋਗਰਾਮਾਂ ਅਤੇ ਫੈਕਲਟੀ ਵਿਕਾਸ ਦੇ ਮੌਕਿਆਂ ਬਾਰੇ ਗੱਲ ਕੀਤੀ ਗਈ। ਇਹ ਚਰਚਾਵਾਂ ਦੋਹਾਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਿਹਤਰ ਸਿੱਖਣ ਅਤੇ ਖੋਜ ਦੇ ਤਜਰਬੇ ਨੂੰ ਮਜ਼ਬੂਤ ਕਰਨ ਦਾ ਰਾਹ



ਹੰਢਾਉਣਗੀਆਂ। ਦੌਰੇ ਦਾ ਖਾਸ ਪੱਖ ਇਹ ਰਿਹਾ ਕਿ ਡਾ: ਵੀਰ ਵਿਕ੍ਰਮ ਅਤੇ ਰੌਏ ਨੇ ਟੇਕਯੋ ਯੂਨੀਵਰਸਿਟੀ ਦੇ ਮਾਈਕੋਲੋਜੀ ਵਿਭਾਗ ਨਾਲ ਰੇਸ਼ਮ ਕੇੜਿਆਂ ਸੰਬੰਧੀ ਨਵੀਨ ਖੋਜ ਉੱਤੇ ਗਹਿਰਾ ਸੰਵਾਦ ਕੀਤਾ। ਟੀਮ ਨੇ ਰੇਸ਼ਮ ਕੇੜਿਆਂ ਦੇ ਵੱਖ-ਵੱਖ ਵਿਕਾਸੀ ਪੜਾਵਾਂ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਖੋਜਕਰਤਿਆਂ ਤੇ ਵਿਦਿਆਰਥੀਆਂ ਨਾਲ ਮਿਲ ਕੇ ਸਾਂਝੇ ਪ੍ਰੋਜੈਕਟਾਂ ਅਤੇ ਗਿਆਨ ਸਾਂਝਾ ਕਰਨ ਦੇ ਮੌਕੇ ਵੇਖੇ। ਇਹ ਵਿਚਾਰ-ਵਟਾਂਦਰਾ ਐਪਲਾਇਡ ਰਿਸਰਚ ਦੇ ਨਵੇਂ ਰਾਹ ਖੋਲ੍ਹੇਗਾ ਅਤੇ ਮੈਡੀਕਲ ਮਾਈਕੋਲੋਜੀ ਸਮੇਤ ਹੋਰ ਗਲੋਬਲ ਚੁਣੌਤੀਆਂ ਦਾ ਹੱਲ ਲੱਭਣ ਵਿੱਚ ਸਹਾਇਕ ਹੋਵੇਗਾ।

ਟੇਕਯੋ ਯੂਨੀਵਰਸਿਟੀ ਦਾ ਇੰਸਟੀਚਿਊਟ ਆਫ ਮੈਡੀਕਲ ਮਾਈਕੋਲੋਜੀ (TIMM), ਜਿਸਦੀ ਸਥਾਪਨਾ 1983 ਵਿੱਚ ਡਾ: ਸ਼ੋਇਚੀ ਓਕਿਨਾਗਾ ਦੇ ਨੇਤ੍ਰਿਤਵ ਹੇਠ ਹੋਈ ਸੀ, ਦੁਨੀਆਂ ਭਰ ਵਿੱਚ ਮੈਡੀਕਲ ਮਾਈਕੋਲੋਜੀ ਖੇਤਰ ਵਿੱਚ ਅਗੇਤਰ ਮੰਨਿਆ ਜਾਂਦਾ ਹੈ। ਇਹ ਸੰਸਥਾ ਫੰਗਲ ਇੰਫੈਕਸ਼ਨਾਂ ਦੇ ਨਿਰਣਯ ਅਤੇ ਇਲਾਜ, ਐਂਟੀਫੰਗਲ ਰੋਧੀ ਖੋਜ ਅਤੇ ਮਹੱਤਵਪੂਰਨ ਰੋਗਕਾਰਕ ਫੰਗਸ ਦੀ ਸੰਭਾਲ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਕੰਮ ਕਰ ਰਹੀ ਹੈ। ਇਹ ਸਾਰੀ ਗਤੀਵਿਧੀਆਂ ਫਾਈਲੋਜਨੀ, ਐਪੀਡੇਮਿਓਲੋਜੀ, ਇਮਿਊਨੋਲੋਜੀ ਅਤੇ ਕਿਮੋਥੈਰੇਪੀ ਨਾਲ ਜੁੜੇ ਅਧਿਐਨਾਂ ਨੂੰ ਸਮਰਥਨ ਦੇ ਰਹੀਆਂ ਹਨ ਅਤੇ ਅੰਤਰਰਾਸ਼ਟਰੀ ਖੋਜ ਸਹਿਯੋਗ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਸੀ.ਟੀ. ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਮਨਬੀਰ ਸਿੰਘ ਨੇ ਕਿਹਾ, “ਇਹ ਤਰ੍ਹਾਂ ਦੇ ਸਹਿਯੋਗ ਸਾਡੇ ਵਿਦਿਆਰਥੀਆਂ ਅਤੇ ਖੋਜਕਰਤਿਆਂ ਲਈ ਨਵੇਂ ਰਸਤੇ ਖੋਲ੍ਹਣਗੇ, ਉਨ੍ਹਾਂ ਦੀ ਗਲੋਬਲ ਸੋਚ ਅਤੇ ਅਕੈਡਮਿਕ ਤਜਰਬੇ ਨੂੰ ਹੋਰ ਵਿਸ਼ਾਲ ਬਣਾਉਣਗੇ।” ਉਸੇ ਹੀ, ਵਾਈਸ ਚਾਂਸਲਰ ਡਾ: ਨਿਤਿਨ ਟੰਡਨ ਨੇ ਕਿਹਾ, “ਇਹ ਭਾਈਚਾਰਾ ਸੀ.ਟੀ. ਯੂਨੀਵਰਸਿਟੀ ਲਈ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਸਾਬਤ ਹੋਵੇਗਾ, ਜੋ ਗਿਆਨ ਸਾਂਝਾ ਕਰਨ ਅਤੇ ਸਮਾਜ ਉੱਤੇ ਸਕਾਰਾਤਮਕ ਪ੍ਰਭਾਵ ਪਾਉਣ ਵਿੱਚ ਸਹਾਇਕ ਹੋਵੇਗਾ।”

# ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਵਿਖੇ ਕਾਰ-ਸੇਵਾ ਰਾਹੀਂ ਤਿਆਰ ਕੀਤੀ ਸਰਾਂ ਅਤੇ ਦਫ਼ਤਰ ਕੀਤਾ ਸੰਗਤਾਂ ਹਵਾਲੇ

**ਦਰਸ਼ਨੀ ਡਿਓਢੀ ਦਾ ਰੱਖਿਆ ਨੀਂਹ-ਪੱਥਰ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਿਆਣਾ ਸਟੇਟ ਵਿੱਚ ਇਤਿਹਾਸਿਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਚੜ੍ਹਦੀਕਲਾ ਨਾਲ ਕੀਤੀ ਜਾ ਰਹੀ ਹੈ । ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਕਰਨਾਲ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਜਥੇਦਾਰ ਬਾਬਾ ਬਚਨ ਸਿੰਘ ਜੀ ਕਾਰ- ਸੇਵਾ ਦਿੱਲੀ ਵਾਲਿਆਂ ਦੇ ਜਥੇਦਾਰ ਬਾਬਾ ਜੋਗਾ ਸਿੰਘ ਜੀ ਵੱਲੋਂ ਤਿਆਰ ਕੀਤੀ ਗਈ ਸਰਾਂ ਅਤੇ ਦਫ਼ਤਰ ਅੱਜ ਸਿੱਖ ਸੰਗਤਾਂ ਦੇ ਸਪੁਰਦ ਕੀਤਾ ਗਿਆ ਅਤੇ ਨਵੀਂ ਦਰਸ਼ਨੀ ਡਿਊੜੀ ਦਾ ਨੀਂਹ- ਪੱਥਰ ਰੱਖਿਆ ਗਿਆ । ਇਸ ਸਮੇਂ ਭਾਈ ਗੁਰਦੇਵ ਸਿੰਘ ਕੁਹਾੜਕਾ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਰਸ-ਭਿੰਨਾ ਕੀਰਤਨ ਕੀਤਾ । ਇਕੱਤਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਰ-ਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕੀਤਾ ਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦਾ ਤਨ, ਮਨ, ਧਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ । ਸਮਾਗਮ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਜਗਦੀਸ਼ ਸਿੰਘ ਝੀਂਡਾ, ਸ੍ਰ: ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਸ੍ਰ: ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਸ੍ਰ: ਸਵਰਨ ਸਿੰਘ ਬੂੰਗਾ ਟਿੱਬੀ



ਚੇਅਰਮੈਨ ਲੰਗਰ ਖਰੀਦ ਵਿੰਗ ਨੇ ਵੀ ਸੰਬੋਧਨ ਕੀਤਾ । ਸਮਾਗਮ ਵਿੱਚ ਬਾਬਾ ਗੁਲਾਬ ਸਿੰਘ ਕਰਨਾਲ, ਬਾਬਾ ਦਿਲਬਾਗ ਸਿੰਘ ਕਾਰ-ਸੇਵਾ ਅਨੰਦਪੁਰ ਸਾਹਿਬ, ਸੰਤ ਮਹੇਸ਼ ਮੁਨੀ ਕੁਰੂਕਸ਼ੇਤਰ, ਬਾਬਾ ਬਲਦੇਵ ਸਿੰਘ ਮੁਕਤਸਰ ਸਾਹਿਬ, ਸੀਨੀਅਰ ਮੈਂਬਰ ਸ੍ਰ: ਰਜਿੰਦਰ ਸਿੰਘ ਬਰਾੜਾ ਚੇਅਰਮੈਨ ਐਨਆਰਆਈ ਵਿੰਗ, ਜਥੇਦਾਰ ਬਲਦੇਵ ਸਿੰਘ ਹਾਬੜੀ ਚੇਅਰਮੈਨ ਮੁਲਾਜ਼ਮ ਭਲਾਈ ਵਿੰਗ, ਚੇਅਰਮੈਨ ਗੁਲਾਬ ਸਿੰਘ ਮੂਨਕ ਸਾਬਕਾ ਮੀਤ ਸਕੱਤਰ, ਸਰਪੰਚ ਭੁਪਿੰਦਰ ਸਿੰਘ ਲਾਡੀ ਸੌਂਕੜਾ, ਮੈਨੇਜ਼ਰ ਪ੍ਰੀਤਮ ਸਿੰਘ ਰੁਕਸ਼ਾਣਾ, ਗਿਆਨੀ ਸੂਬਾ ਸਿੰਘ ਤਰਾਵੜੀ ਇੰਚਾਰਜ ਧਰਮ ਪ੍ਰਚਾਰ ਸਬ ਦਫਤਰ ਜੀਂਦ, ਮੁੱਖ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ, ਕਥਾਵਾਚਕ ਭਾਈ ਪ੍ਰਗਟ ਸਿੰਘ ਗੌਰਗੜ, ਗਿਆਨੀ ਅੰਮ੍ਰਿਤਪਾਲ ਸਿੰਘ ਮੰਜੀ ਸਾਹਿਬ, ਗਿਆਨੀ ਗੁਰਵਿੰਦਰ ਸਿੰਘ ਰੱਤਕ ਵੀ ਇਸ ਸਮੇਂ ਹਾਜ਼ਰ ਸਨ । ਗੁਰੂ ਕਾ ਲੰਗਰ ਅਤੁੱਟ ਵਰਤਿਆ । ਸਮਾਪਤੀ ਤੇ ਸਭ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ।

# ਮਾਓਵਾਦੀਆਂ ਅਤੇ ਆਦਿਵਾਸੀਆਂ ਦੇ ਕਤਲਾਂ ਵਿਰੁੱਧ ਜਿਲਾ ਪੱਧਰੀ ਕਨਵੈਨਸ਼ਨ







**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ)** ਜਮਹੂਰੀ ਅਧਿਕਾਰ ਸਭਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ,ਬੰਗਾ ਰੋਡ ਨਵਾਂਸ਼ਹਿਰ ਵਿਖੇ ਛੱਤੀਸਗੜ੍ਹ ਵਿਚ ਮੋਦੀ ਸਰਕਾਰ ਵਲੋਂ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਕੀਤੇ ਜਾ ਰਹੇ ਕਤਲਾਂ ਵਿਰੁੱਧ ਕਨਵੈਨਸ਼ਨ ਕੀਤੀ ਗਈ।

ਇਸ ਕਨਵੈਨਸ਼ਨ ਦੀ ਪ੍ਰਧਾਨਗੀ ਸੁਰਿੰਦਰ ਸਿੰਘ ਬੈਂਸ, ਸਤੀਸ਼ ਕੁਮਾਰ, ਸਤਪਾਲ ਸਲੋਹ, ਸਤਨਾਮ ਸਿੰਘ ਗੁਲਾਟੀ, ਕੁਲਵਿੰਦਰ ਸਿੰਘ ਵੜੈਚ ਨੇ ਕੀਤੀ।ਸ਼ੁਰੂਆਤ ਵਿਚ ਏਟਕ ਦੇ ਆਗੂ ਅਤੇ ਜਮਹੂਰੀ ਅਧਿਕਾਰ ਸਭਾ ਨਵਾਂਸ਼ਹਿਰ ਦੇ ਮੈਂਬਰ ਸੁਤੰਤਰ ਕੁਮਾਰ ਅਤੇ ਇਫਟੂ ਦੇ ਸੂਬਾ ਜਨਰਲ ਸਕੱਤਰ ਰਾਜ ਸਿੰਘ ਮਲੋਟ ਨੂੰ ਦੋ ਮਿੰਟ ਦਾ ਮੌਨ ਧਾਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਇਸ ਮੌਕੇ ਕਨਵੈਨਸ਼ਨ ਦੇ ਮੁੱਖ ਵਕਤਾ ਦਲਜੀਤ ਸਿੰਘ ਐਡਵੋਕੇਟ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਵਲੋਂ ਛੱਤੀਸਗੜ੍ਹ ਵਿਚ ਆਦਿਵਾਸੀਆਂ ਅਤੇ ਮਾਓਵਾਦੀਆਂ ਉੱਤੇ ਕੀਤੇ ਜਾ ਰਹੇ ਹਮਲਿਆਂ ਦਾ ਅਰਥ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਖਜ਼ਾਨਿਆਂ ਨੂੰ ਦੇਸ਼ੀ-ਬਦੇਸ਼ੀ ਕਾਰਪੋਰੇਟਾਂ ਨੂੰ ਲੁਟਾਉਣਾ ਹੈ।ਇਸ ਜਬਰ ਅਤੇ ਲੁੱਟ ਵਿਰੁੱਧ ਜੋ ਵੀ ਆਵਾਜ਼ ਉੱਠਦੀ ਹੈ ਉਸ ਆਵਾਜ਼ ਨੂੰ ਦਬਾਉਣਾ ਹੈ,ਜੋ ਵੀ ਕਲਮ ਚੱਲਦੀ ਹੈ ਉਸਨੂੰ ਤੋੜਨਾ ਹੈ,ਜੋ ਵੀ ਰਾਏ ਲਾਮਬੰਦ ਹੁੰਦੀ ਹੈ ਉਸ ਉੱਤੇ ਜਬਰ ਦਾ ਕੁਹਾੜਾ ਚਲਾਉਣਾ ਹੈ। ਇਸ ਤਰ੍ਹਾਂ ਕਰਕੇ ਮੋਦੀ ਸਰਕਾਰ ਖੁਦ ਹੀ ਸੰਵਿਧਾਨਕ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਆਪਣੇ ਪੈਰਾਂ ਹੇਠ ਦਰੜ ਰਹੀ ਹੈ।50 ਸਾਲ ਪਹਿਲਾਂ ਦੇਸ਼ ਵਿਚ ਲਾਈ ਗਈ ਐਮਰਜੈਂਸੀ ਦੇ ਦਿਨਾਂ ਦਾ ਜਿਕਰ ਕਰਦਿਆਂ ਉਹਨਾਂ ਕਿਹਾ ਕਿ ਇਹ ਹਾਕਮ ਜਮਾਤਾਂ ਦਾ ਆਰਥਿਕ ਸੰਕਟ ਸੀ ਜਿਸ ਕਾਰਨ ਉਸ ਸਮੇਂ ਇੰਦਰਾ ਗਾਂਧੀ ਦੀ ਸਰਕਾਰ ਨੇ ਦੇਸ਼ ਉੱਪਰ ਐਮਰਜੈਂਸੀ ਠੋਸੀ।ਅੱਜ ਵੀ ਆਰਥਿਕ ਸੰਕਟ ਵਿਕਰਾਲ ਰੂਪ ਧਾਰ ਚੁੱਕਾ ਹੈ ਅਤੇ ਮੋਦੀ ਸਰਕਾਰ ਫਾਸ਼ੀਵਾਦੀ ਰਾਹ ਉੱਪਰ ਚੱਲ ਰਹੀ ਹੈ।ਉਹਨਾਂ ਕਿਹਾ ਕਿ ਬਸਤਰ, ਆਦਿਵਾਸੀ ਖੇਤਰਾਂ, ਸਮੇਤ ਪੰਜਾਬ ਸਾਡੇ ਮੁਲਕ ਦੇ ਸਮੂਹ ਮਿਹਨਤਕਸ਼ ਲੋਕਾਂ ਖਿਲਾਫ਼ ਤਿੱਖੇ ਕੀਤੇ ਚੌਤਰਫ਼ੇ ਬੋਲੇ ਜਾ ਰਹੇ ਹਨ ।ਉਹਨਾਂ ਕਿਹਾ ਕਿ ਸਾਨੂੰ ਆਰਥਕ, ਸਮਾਜਕ ਮੁੱਦਿਆਂ ਦੇ ਨਾਲ-ਨਾਲ ਜਮਹੂਰੀ ਇਨਕਲਾਬੀ ਰਾਜਨੀਤਕ ਮੁੱਦਿਆਂ ਨੂੰ ਵੀ ਸੰਘਰਸ਼ ਦਾ ਅਧਾਰ ਬਣਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ , 31 ਮਾਰਚ 2026 ਤੱਕ ਕਮਿਊਨਿਸਟ ਇਨਕਲਾਬੀਆਂ ਨੂੰ ਖਤਮ ਕਰਨ ਦੇ ਐਲਾਨ ਕਰ ਰਿਹਾ ਹੈ।ਮਾਓਵਾਦੀਆਂ, ਆਦਿਵਾਸੀਆਂ ਦੀ ਘੇਰਾਬੰਦੀ ਕਰਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ ਅਤੇ ਪੁਲਸ ਮੁਕਾਬਲਿਆਂ ਦੀਆਂ ਕਹਾਣੀਆਂ ਘੜੀਆਂ ਜਾ ਰਹੀਆਂ ਹਨ।ਸੰਗੀਨ ਅਪਰਾਧਿਕ ਧਾਰਾਵਾਂ ਲਾਕੇ ਲੋਕਾਂ ਨੂੰ ਜੇਹਲਾਂ ਵਿਚ ਸੁੱਟਿਆ ਜਾ ਰਿਹਾ ਹੈ।ਅਮਿਤ ਸ਼ਾਹ ਸ਼ਹਿਰੀ ਨਕਸਲੀਆਂ ਨਾਲ ਸਿੱਝਣ ਦੇ ਐਲਾਨ ਕਰਕੇ ਦੇਸ਼ ਭਰ ਦੇ ਬੁੱਧੀਜੀਵੀਆਂ ਨੂੰ ਧਮਕਾ ਰਿਹਾ ਹੈ।ਉਹਨਾਂ ਕਿਹਾ ਕਿ ਲੁੱਟ ਅਤੇ ਜਬਰ ਵਿਚੋਂ ਹਥਿਆਰਬੰਦ ਘੋਲਾਂ ਦਾ ਫੁੱਟਣਾ ਸਮਾਜਿਕ ਵਰਤਾਰਾ ਹੈ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਕਨਵੀਨਰ ਸਤਪਾਲ ਸਲੋਹ,ਡਾਕਟਰ ਅੰਬੇਡਕਰ ਵੈਲਫੇਅਰ ਟਰਸਟ ਨਵਾਂਸ਼ਹਿਰ ਦੇ ਪ੍ਰਧਾਨ ਸਤੀਸ਼ ਕੁਮਾਰ, ਪ੍ਰੋਫੈਸਰ ਦਿਲਬਾਗ ਸਿੰਘ ,ਸਤਨਾਮ ਸਿੰਘ ਗੁਲਾਟੀ, ਡੀ.ਟੀ.ਐਫ ਦੇ ਸੂਬਾਈ ਆਗੂ ਮੁਕੇਸ਼ ਕੁਮਾਰ,ਮੁਲਾਜ਼ਮ ਆਗੂ ਜਸਵੀਰ ਮੋਰੋਂ ਨੇ ਵੀ ਸੰਬੋਧਨ ਕੀਤਾ।ਸਰਬਜੀਤ ਮੰਗੂਵਾਲ ਅਤੇ ਹਰੀ ਰਾਮ ਰਸੂਲਪੁਰੀ ਨੇ ਇਨਕਲਾਬੀ ਗੀਤ ਪੇਸ਼ ਕੀਤੇ।ਮੰਚ ਸੰਚਾਲਨ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ ਨੇ ਕੀਤਾ।

# ਡਾ. ਵਿਭਾ ਅਗਰਵਾਲ ਨੇ ਪ੍ਰਿੰਸੀਪਲ ਇੰਚਾਰਜ ਦਾ ਅਹੁਦਾ ਸੰਭਾਲਿਆ



**ਬਰਨਾਲਾ (ਚੰਡਿਹੋਕ)** ਅੱਜ ਸਥਾਨਿਕ ਯੂਨੀਵਰਸਿਟੀ ਕਾਲਜ ਬਰਨਾਲਾ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਫ਼ਤਰੀ ਅਦੇਸ਼ਾਂ ਦੇ ਅਨੁਸਾਰ ਡਾਕਟਰ ਵਿਭਾ ਅਗਰਵਾਲ ਨੇ ਬਤੌਰ ਪ੍ਰਿੰਸੀਪਲ /ਇੰਚਾਰਜ ਦਾ ਅਹੁਦਾ ਸੰਭਾਲਿਆ। ਸਮੂਹ ਕਾਲਜ ਦੇ ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਵੱਲੋਂ ਉਹਨਾਂ ਨੂੰ ਇਹ ਅਹੁਦਾ ਸੰਭਾਲਣ ਤੇ ਹਾਰਦਿਕ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ। ਡਾਕਟਰ ਵਿਭਾ ਅਗਰਵਾਲ ਨੇ ਆਪਣਾ ਅਹੁਦਾ ਸੰਭਾਲਦਿਆਂ, ਇਹ ਬਚਨਵੱਧਤਾ ਪ੍ਰਗਟਾਈ ਕਿ ਉਹ ਕਾਲਜ ਦੀ ਬੇਹਤਰੀ ਦੇ ਲਈ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਗੇ । ਆਪਣੇ ਸੰਬੋਧਨੀ ਸ਼ਬਦਾਂ ਵਿੱਚ ਉਹਨਾਂ ਨੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ,ਵਿਦਿਆਰਥੀਆਂ ਅੰਦਰ ਪੜ੍ਹਨ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨ ਲਈ ਵਿਸ਼ੇਸ਼ ਯਤਨ ਕਰਨ ਤੇ ਜ਼ੋਰ ਦਿੱਤਾ। ਇਸ ਸਮੇਂ ਹਾਜ਼ਰ ਸਮੂਹ ਸਟਾਫ਼ ਨੇ ਉਹਨਾਂ ਦੇ ਪ੍ਰਿੰਸੀਪਲ/ਇੰਚਾਰਜ ਬਣਨ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਪਿੰਡ ਮੂੰਮ ਵਿਖੇ ਘਰ 'ਚ ਅੱਗ ਲੱਗਣ ਕਾਰਨ ਪਤੀ ਪਤਨੀ ਦੀ ਮੌਤ

## 10 ਸਾਲ ਦਾ ਬੱਚਾ ਆਪਣੇ ਚਾਚੇ ਦੇ ਘਰ ਸੁੱਤਾ ਹੋਣ ਕਾਰਨ ਵਾਲ-ਵਾਲ ਬਚ ਗਿਆ



**ਮਹਿਲ ਕਲਾਂ (ਗੁਰਭਿੰਦਰ ਗੁਰੀ):** ਮਹਿਲ ਕਲਾਂ ਦੇ ਨੇੜਲੇ ਪਿੰਡ ਮੂੰਮ ਵਿੱਚ ਬੀਤੀ ਰਾਤ ਇੱਕ ਦਰਦਨਾਕ ਹਾਦਸਾ ਵਾਪਰਿਆ, ਜਿੱਥੇ ਸ਼ਾਰਟ ਸਰਕਟ ਕਾਰਨ ਲੱਗੀ ਭਿਆਨਕ ਅੱਗ ਨੇ ਇੱਕ ਮਜ਼ਦੂਰ ਪਤੀ-ਪਤਨੀ ਦੀ ਜਾਨ ਲੈ ਲਈ। ਇਸ ਘਟਨਾ ਨਾਲ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਇਸ ਜੋੜੇ ਦਾ 10 ਸਾਲ ਦਾ ਬੱਚਾ ਆਪਣੇ ਚਾਚੇ ਦੇ ਘਰ ਸੁੱਤਾ ਹੋਣ ਕਾਰਨ ਵਾਲ-ਵਾਲ ਬਚ ਗਿਆ।

ਜਾਣਕਾਰੀ ਅਨੁਸਾਰ, ਮ੍ਰਿਤਕਾਂ ਦੀ ਪਛਾਣ ਜੁਗਰਾਜ ਸਿੰਘ (45 ਸਾਲ) ਅਤੇ ਉਸ ਦੀ ਪਤਨੀ ਅੰਗਰੇਜ਼ ਕੌਰ (40 ਸਾਲ) ਵਜੋਂ ਹੋਈ ਹੈ। ਇਹ ਦੋਵੇਂ ਪਿੰਡ ਮੂੰਮ ਵਿੱਚ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਬੀਤੀ ਰਾਤ ਉਹ ਆਪਣੇ ਘਰ ਵਿੱਚ ਸੁੱਤੇ ਪਏ ਸਨ। ਮ੍ਰਿਤਕ ਦੇ ਪਰਿਵਾਰਿਕ ਮੈਂਬਰ ਦਲਬੀਰ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਤਿੰਨ ਵਜੇ ਜੁਗਰਾਜ ਸਿੰਘ ਦੇ ਘਰ ਵਿੱਚ ਅਚਾਨਕ ਅੱਗ ਲੱਗ ਗਈ। ਅੱਗ ਐਨੀ ਕੁ ਭਿਆਨਕ ਸੀ ਕਿ ਪੂਰੇ ਘਰ ਨੂੰ ਅੱਗ ਨੇ ਲਪੇਟ ਵਿੱਚ ਲੈ ਲਿਆ। ਜੁਗਰਾਜ ਸਿੰਘ ਨੂੰ ਅੱਗ ਨੇ ਬੁਰੀ ਤਰ੍ਹਾਂ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਉਸਦੀ ਮੌਤ ਹੋ ਗਈ। ਜੁਗਰਾਜ ਸਿੰਘ ਦੀ ਪਤਨੀ ਅੰਗਰੇਜ਼ ਕੌਰ ਨੂੰ ਪਿੰਡ ਵਾਸੀਆਂ ਨੇ ਬਹੁਤ ਮੁਸ਼ਕਲ ਨਾਲ ਬਾਹਰ ਕੱਢਿਆ, ਪਰ ਉਹ ਬੁਰੀ ਤਰ੍ਹਾਂ ਨਾਲ ਝੁਲਸ ਚੁੱਕੀ ਸੀ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਬਰਨਾਲਾ ਵਿਖੇ ਭਰਤੀ ਕਰਵਾਇਆ ਗਿਆ। ਪਰ ਅੰਗਰੇਜ਼ ਕੌਰ ਦੀ ਹਾਲਤ ਜਿਆਦਾ ਗੰਭੀਰ ਹੋਣ ਕਾਰਨ ਫਰੀਦਕੋਟ ਲਈ ਰੈਫਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਦਲਵੀਰ ਸਿੰਘ ਨੇ ਕਿਹਾ ਕਿ ਘਰ ਨੂੰ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੇ ਬੜੀ ਮੁਸ਼ਕਲ ਨਾਲ ਅੱਗ ਉੱਪਰ ਕਾਬੂ ਪਾਇਆ। ਉਨ੍ਹਾਂ ਨੇ ਆਪਣੇ ਪੱਧਰ 'ਤੇ ਪਾਣੀ ਅਤੇ ਮਿੱਟੀ ਦੀ ਵਰਤੋਂ ਕਰਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਇਸ ਸਬੰਧੀ ਥਾਣਾ ਮਹਿਲ ਕਲਾਂ ਦੇ ਏਐਸਆਈ ਬਲੀ ਰਾਮ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾਂ ਦੀ ਸੂਚਨਾਂ ਸਵੇਰੇ 5 ਵਜੇ ਮਿਲੀ ਸੀ, ਜਿਸ ਤੋਂ ਬਾਅਦ ਉਨ੍ਹਾਂ ਮੌਕੇ ਤੇ ਪੁੱਜ ਕੇ ਘਟਨਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਤੇ ਧਾਰਾ 194 ਬੀ ਐਨ ਐਸ ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

### ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਆਰਥਿਕ ਮੱਦਦ ਦੀ ਕੀਤੀ ਮੰਗ

ਪਿੰਡ ਮੂੰਮ ਵਿਖੇ ਘਰ ਵਿੱਚ ਅੱਗ ਲੱਗਣ ਕਾਰਨ ਵਾਪਰੀ ਘਟਨਾਂ ਅਤੇ ਪਤੀ ਪਤਨੀ ਦੀ ਮੌਤ ਕਾਰਨ ਪਿੰਡ ਵਿੱਚ ਸੋਗ ਦੀ ਲਹਿਰ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪੀੜਤ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ ਅਤੇ ਬੱਚੇ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ।

### 10 ਸਾਲਾ ਬੱਚਾ ਬਚਿਆ

ਮ੍ਰਿਤਕ ਜੁਗਰਾਜ ਸਿੰਘ ਤੇ ਅੰਗਰੇਜ਼ ਕੌਰ ਦਾ ਇੱਕ 10 ਸਾਲਾ ਬੱਚਾ ਇਸ ਘਟਨਾ ਵਿੱਚ ਬਚਿਆ ਹੈ। ਜਾਣਕਾਰੀ ਅਨੁਸਾਰ ਦੁੱਖਦਾਈ ਘਟਨਾਂ ਵਾਲੀ ਰਾਤ ਬੱਚਾ ਆਪਣੇ ਚਾਚੇ ਦੇ ਘਰ ਸੁੱਤਾ ਹੋਇਆ ਸੀ, ਜਿਸ ਕਾਰਨ ਉਸ ਦੀ ਜਾਨ ਬਚ ਗਈ। ਹੁਣ ਇਹ ਮਾਸੂਮ ਬੱਚਾ ਆਪਣੇ ਮਾਤਾ-ਪਿਤਾ ਤੋਂ ਬਿਨਾਂ ਇਕੱਲਾ ਰਹਿ ਗਿਆ ਹੈ।

# ਮਗਨਰੇਗਾ ਮਜ਼ਦੂਰਾਂ ਦੀ ਕਨਵੈਨਸ਼ਨ 6 ਜੁਲਾਈ ਨੂੰ,ਜਲੰਧਰ ਵਿਖੇ

**ਫਿਲੌਰ/ਅੱਪਰਾ (ਦੀਪਾ)–** ਮਗਨਰੇਗਾ ਵਰਕਰਜ ਯੂਨੀਅਨ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਨੂਰਪੁਰ ਇਕਾਈ ਦੀ ਮੀਟਿੰਗ ਸ੍ਰੀਮਤੀ ਬਲਜੀਤ ਕੌਰ ਅਤੇ ਸੁਰਜੀਤ ਕੁਮਾਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਲ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜਿਲਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਅਤੇ ਸ੍ਰੀ ਮੋਹਨ ਸਿੰਘ ਪੂਨੀਆਂ ਸ਼ਾਮਲ ਹੋਏ ਲਇਸ ਮੌਕੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਨੂੰ 700/-ਪ੍ਰਤੀ ਦਿਨ ਦੀ ਦਰ ਨਾਲ ਉਜ਼ਰਤਾਂ ਦਿੱਤੀਆਂ ਜਾਣਲਮਗਨਰੇਗਾ ਮਜ਼ਦੂਰਾਂ ਦਾ ਬੀਮਾ ਕੀਤਾ ਜਾਵੇਲ ਮਜ਼ਦੂਰਾਂ ਨੂੰ ਦਿਹਾਤੀ ਖੇਤਰ ਵਿੱਚ ਪੰਜ - ਪੰਜ ਮਰਲੇ ਦੇ ਪਲਾਟ ਮੁਫ਼ਤ ਦਿੱਤੇ ਜਾਣ ਲਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਫ਼ਤ ਤੇ ਮਿਆਰੀ ਸਿਹਤ ਸਹੂਲਤਾਂ ਅਤੇ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ ਲ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਕੰਮ ਦਿੱਤਾ ਜਾਵੇਲ ਮਜ਼ਦੂਰਾਂ ਦੇ ਹਰੇਕ ਕਿਸਮ ਦੇ ਸ਼ੋਸ਼ਣ ਰੋਕਣ ਲਈ



ਸੰਜੀਦਾ ਯਤਨ ਕੀਤੇ ਜਾਣ ਲ ਹਰੇਕ ਕਿਸਮ ਦੀ ਰਾਜਸੀ ਦਖਲ ਅੰਦਾਜੀ ਬੰਦ ਕੀਤੀ ਜਾਵੇਲ ਮਜ਼ਦੂਰਾਂ ਦੇ ਸਹਿਕਾਰੀ ਬੈਂਕਾਂ ਤੋਂ ਕੋ - ਅਪਰੇਟਿਵ ਬੈਂਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਮਜ਼ਦੂਰਾਂ ਨੂੰ ਬੈਂਕਾਂ ਵੱਲੋਂ ਭੇਜੇ ਗਏ ਕਰਜ਼ਾ ਨੋਟਿਸਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਿਹਾਤੀ ਮਜ਼ਦੂਰਾਂ ਦੇ ਕਰਜ਼ੇ ਤੁਰੰਤ ਮੁਆਫ਼ ਕੀਤੇ ਜਾਣ। ਇਸ ਮੌਕੇ ਤੇ ਕੇਂਦਰ ਸਰਕਾਰ ਵੱਲੋਂ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਉਦੇਸ਼ਾਂ ਨੂੰ ਜਬਰੀ ਹਟਾਉਣ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਇਸ ਨੂੰ ਸੰਵਿਧਾਨ ਉੱਤੇ ਕੋਝਾ ਹਮਲਾ ਮੰਨਦਿਆਂ ਦੇਸ਼ ਪੱਧਰੀ ਵਿਰੋਧ ਕਰਨ ਦਾ ਹੋਕਾ ਦਿੱਤਾ ਗਿਆਲ ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਮੀਨਾ ਕੁਮਾਰੀ, ਸ੍ਰੀਮਤੀ ਨੇਹਾ,ਸ੍ਰੀ ਮਹਿੰਦਰ ਪਾਲ, ਸ੍ਰੀ ਨਿੰਦਰ ਪਾਲ,ਸ੍ਰੀ ਦੇਸ ਰਾਜ, ਸ੍ਰੀ, ਅਸ਼ਨੀ ਕੁਮਾਰ,ਸ੍ਰੀ ਅਮਰਜੀਤ, ਸ੍ਰੀਮਤੀ ਮਨਦੀਪ ਕੌਰ, ਸ੍ਰੀ ਬਿੱਕਰ ਰਾਮ,ਸ੍ਰੀ ਨਿਰਮਲ ਰਾਮ, ਸ੍ਰੀ ਜੀਤ ਰਾਮ, ਸ੍ਰੀਮਤੀ ਮਿੰਦੋ, ਸ੍ਰੀਮਤੀ ਕੁਲਵਿੰਦਰ ਕੌਰ ਹਾਜ਼ਰ ਸਨਲ ਇਸ ਮੀਟਿੰਗ ਨੂੰ ਜਿਲ੍ਹਾ ਪ੍ਰਧਾਨ ਹਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਗਨਰੇਗਾ ਕਾਮਿਆਂ ਦੀਆਂ ਮੰਗਾਂ ਤੇ ਵਿਚਾਰ ਚਰਚਾ ਕਰਨ ਲਈ 6 ਜੁਲਾਈ 2025 ਨੂੰ ਜਲੰਧਰ ਵਿਖੇ ਕਰਵਾਈ ਜਾ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਰਕਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ ।

# ਯੂਨੀਵਰਸਿਟੀਆਂ ਤੇ ਨਿੱਜੀ ਕਾਲਜ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪ੍ਰਾਪਤ ਕਰਨ ਵਾਲੇ ਐੱਸ. ਸੀ ਵਿਦਿਆਰਥੀਆਂ ਨੂੰ ਕਰ ਰਹੀਆਂ ਨੇ ਖੱਜਲ ਖੁਆਰ–ਤੀਰਥ ਰਾਜਪੁਰਾ

**ਫਿਲੌਰ/ਅੱਪਰਾ (ਦੀਪਾ)–** ਅੱਜ ਅੱਪਰਾ ਵਿਖੇ ਮੀਡੀਆ ਦੇ ਰੂਬਰੂ ਹੁੰਦੇ ਹੋਏ ਤੀਰਥ ਰਾਜਪੁਰਾ ਸਟੇਟ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਕਿਹਾ ਕਿ ਯੂਨੀਵਰਸਿਟੀਆਂ ਤੇ ਨਿੱਜੀ ਕਾਲਜ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪ੍ਰਾਪਤ ਵਿਦਿਆਰਥੀਆਂ ਨੂੰ ਖੱਜਲ ਖੁਆਰ ਕਰ ਰਹੀਆਂ ਹਨ ਤੇ ਉਨਾਂ ਤੋਂ ਫੀਸਾਂ ਦੀ ਮੰਗ ਕੀਤੀ ਜਾ ਰਹੀ ਹੈ । ਉਨਾਂ ਅੱਗੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪ੍ਰਾਪਤ ਕਰਨ ਵਾਲੇ ਐੱਸ. ਸੀ ਵਿਦਿਆਰਥੀਆਂ ਨੂੰ ਦਾਖਲੇ ਵੀ ਨਹੀਂ ਦਿੱਤੇ ਜਾ ਰਹੇ, ਜੋ ਕਿ ਸਾਬਤ ਕਰਦਾ ਹੈ ਕਿ ਮੌਜੂਦਾ ਸਰਕਾਰਾਂ ਸਾਡੇ ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ । ਪੋਸਟ ਮੈਟ੍ਰਿਕ ਸਕੀਮ ਪ੍ਰਾਪਤ ਵਿਦਿਆਰਥੀਆਂ ਤੋਂ ਵੀ ਫੀਸ ਮੰਗੀ ਜਾ ਰਹੀ ਹੈ । ਉਨਾਂ ਨੂੰ ਐੱਨ. ਓ. ਸੀ ਨਹੀਂ ਦਿੱਤੀ ਜਾ ਰਹੀ, ਜਿਸ ਕਾਰਣ ਵਿਦਿਆਰਥੀ ਪ੍ਰਿਖਿਆ 'ਚ ਬੈਠਣ ਤੋਂ ਵੀ ਅਸਮਰੱਥ ਹਨ । ਜਿਸ ਕਾਰਣ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ



ਰਿਹਾ ਹੈ । ਤੀਰਥ ਰਾਜਪੁਰਾ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਇਸ ਸਕੀਮ ਨੂੰ ਲਾਗੂ ਕਰਨ ਲਈ ਯੋਗ ਕਦਮ ਉਠਾਉਣੇ ਚਾਹੀਦੇ ਹਨ ਤੇ ਯੂਨੀਵਰਸਿਟੀਆਂ ਤੇ ਨਿੱਜੀ ਕਾਲਜਾਂ ਨੂੰ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ । ਇਹ ਪੋਸਟ ਮੈਟ੍ਰਿਕ ਸਕੀਮ ਜਿੱਥੇ ਐੱਸ. ਸੀ ਵਿਦਿਆਰਥੀਆਂ ਨੂੰ ਮਿਲ ਰਹੀ ਹੈ, ਇਸ 'ਚ ਹੋਰ ਵਰਗਾਂ ਦੇ ਲੋੜਵੰਦ ਵਿਦਿਆਰਥੀਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਕਿ ਉਹ ਵੀ ਇਸ ਸਕੀਮ ਦਾ ਲਾਭ ਲੈ ਕੇ ਪੜ ਲਿਖ ਕੇ ਤਰੱਕੀ ਕਰਨ ਤੇ ਆਪਣੇ ਘਰਾਂ ਦੀ ਗਰੀਬੀ ਮਿਟਾ ਸਕਣ । ਤੀਰਥ ਰਾਜਪੁਰਾ ਸਟੇਟ ਕੋਆਰਡੀਨੇਟਰ ਬਸਪਾ ਪੰਜਾਬ ਨੇ ਅੱਗੇ ਕਿਹਾ ਕਿ ਜੇਕਰ ਪੋਸਟ ਮੈਟ੍ਰਿਕ ਸਕੀਮ ਪ੍ਰਾਪਤ ਐੱਸ. ਸੀ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਗਿਆ ਤਾਂ ਸਰਕਾਰ ਨੂੰ ਇਸਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ ।

# ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਨੇ ਅੱਪਰਾ 'ਚ ਲਗਾਏ ਫ਼ਲਦਾਰ ਤੇ ਛਾਂਦਾਰ ਪੌਦੇ

**ਫਿਲੌਰ/ਅੱਪਰਾ (ਦੀਪਾ)–** ਅੱਪਰਾ ਦੇ ਸਥਾਨਕ ਬਾਈਪਾਸ ਰੋਡ ਵਿਖੇ ਸਥਿਤ ਛੱਪੜ ਦੇ ਆਲੇ-ਦੁਆਲੇ ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਨੇ ਅੱਪਰਾ 'ਚ ਲਗਾਏ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ । ਇਸ ਮੌਕੇ ਬੋਲਦਿਆਂ ਸਮੂਹ ਸੇਵਾਦਾਰਾਂ ਨੇ ਕਿਹਾ ਕਿ ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਕ੍ਰਿਪਾ ਸਕਦਾ ਸ਼ੁੱਧ ਵਾਤਾਵਰਣ ਤੇ ਸਫਾਈ ਦੇ ਮਕਸਦ ਨਾਲ ਜਾਮਣ, ਅੰਬ, ਨਿੰਬੂ, ਸੰਤਰੇ ਤੇ ਹੋਰ ਛਾਂਦਾਰ ਬੂਟੇ ਲਗਾਏ ਗਏ ਹਨ । ਉਨਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਹੋਰ ਵੀ ਬੂਟੇ ਲਗਾਏ ਜਾਣਗੇ । ਇਸ ਮੌਕੇ ਲਾਲੀ ਬਾਸੀ, ਵਿਵੇਕ ਕੁਮਾਰ, ਮਨੋਜ ਕੁਮਾਰ ਡਿੰਪੀ, ਲੱਕੀ ਅੱਪਰਾ, ਦੇਸ ਰਾਜ ਰਾਜੂ ਅੱਪਰਾ, ਰਵੀ ਢੱਕ ਮਜਾਰਾ, ਵਰਿੰਦਰ ਢੰਡਵਾੜ, ਅਮਨ ਚੀਮਾ, ਚੰਨੀ ਭਰੋਮਜਾਰਾ, ਬਿੰਦਰ ਨਾਗਰਾ, ਲਵ ਨਵਾਂਸ਼ਹਿਰ, ਵਿੱਕੀ ਪੱਦੀ ਜਗੀਰ, ਮਨਜਿੰਦਰ ਢਿੱਲੋਂ, ਹਰਜੀਤ ਢਿੱਲੋਂ ਮੰਡੀ, ਅਜੇ ਛੋਕਰਾਂ ਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ ।



# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ -ਗੀਤਕਾਰ ਅਤੇ ਗਾਇਕ ਧਰਮੀ ਤੂੰਗਾਂ ਦਾ ਸਨਮਾਨ

**ਸੰਗਰੂਰ (ਰਮੇਸ਼ਵਰ ਸਿੰਘ)** ਸੰਗਰੂਰ ਨੇੜਲੇ ਪਿੰਡ ਤੂੰਗਾਂ ਵਿੱਚ, ਇੱਕ ਮੱਧ ਵਰਗੀ ਕਿਸਾਨ ਪਰਿਵਾਰ ਵਿੱਚ ਜਨਮੇ ਧਰਮੀ ਤੂੰਗਾਂ ਨੇ ਸੰਗਰੂਰ ਇਲਾਕੇ ਦੀ ਲੋਕ ਪੱਖੀ ਰਵਾਇਤ ਨੂੰ ਜਾਰੀ ਰੱਖਦੇ ਹੋਏ, ਦਬੇ ਕੁਚਲੇ ਵਰਗ ਨਾਲ ਸਬੰਧ ਰੱਖਦੇ ਲੋਕਾਂ ਦੇ ਦੁੱਖੜੇ ਬਿਆਨਦੇ ਗੀਤ ਲਿਖੇ ਵੀ ਅਤੇ ਗਾਏ ਵੀ। ਲੋਕਾਂ ਦੇ ਦਰਦਾਂ ਦੀ ਨਬਜ਼ ਫੜਨ ਦੀ ਯੋਗਤਾ ਰੱਖਣ ਵਾਲੇ ਹੋਣ ਕਾਰਨ, ਉਹਨਾਂ ਦੇ ਗੀਤਾਂ ਨੂੰ ਰਵਿੰਦਰ ਗਰੇਵਾਲ, ਮਿਸ ਪੂਜਾ, ਐਸ ਧਾਮੀ ਅਤੇ ਗੈਬੀ ਮਾਨ ਵਰਗੇ ਸਿਰ ਕੱਢ ਪੰਜਾਬੀ ਗਾਇਕਾਂ ਨੇ ਗਾਇਆ।

ਉਨ੍ਹਾਂ ਦੀ 'ਕੁੜਤਾ ਟਾਕੀਆਂ ਵਾਲਾ' ਪੁਸਤਕ ਨੂੰ ਸਾਹਿਤਕ ਹਲਕਿਆਂ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ।ਤੂੰਗਾਂ ਦੀਆਂ ਇਹਨਾਂ ਸਾਹਿਤਕ ਸੇਵਾਵਾਂ ਦਾ ਮੁੱਲ ਪਾਉਂਦੇ ਹੋਏ, ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਆਪਣੇ ਗਿਆਰਵੇਂ ਸਥਾਪਨਾ ਦਿਵਸ ਦੇ ਮੌਕੇ ਤੇ ਉਨਾਂ ਨੂੰ 'ਲੋਕ ਗਾਇਕ ਯਮਲਾ ਜੱਟ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।

ਨਾਲ ਹੀ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਵੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਅਤੇ ਪਸਾਰ ਲਈ ਪਾਏ ਯੋਗਦਾਨ ਲਈ ਉਹਨਾਂ ਦਾ ਸਤਿਕਾਰ ਕੀਤਾ ਗਿਆ।



# ਮੁੱਖ ਚੋਣ ਅਫ਼ਸਰ ਪੰਜਾਬ ਨੇ ਹੁਸ਼ਿਆਰਪੁਰ ‘ਚ ਈਵੀਐਮ ਵੇਅਰਹਾਊਸ ਦੀ ਤਿਮਾਹੀ ਪੜਤਾਲ ਕੀਤੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਅੱਜ ਜ਼ਿਲ੍ਹਾ ਪੱਧਰ ‘ਤੇ ਬਣਾਏ ਗਏ ਈਵੀਐਮ ਵੇਅਰਹਾਊਸ ਦੀ ਜੂਨ 2025 ਦੀ ਤਿਮਾਹੀ ਪੜਤਾਲ ਮੁੱਖ ਚੋਣ ਅਫ਼ਸਰ ਪੰਜਾਬ, ਸਿਬਿਨ ਸੀ. ਵੱਲੋਂ ਕੀਤੀ ਗਈ। ਇਹ ਪੜਤਾਲ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਬੀਰ ਕੌਰ ਭੁੱਲਰ ਦੀ ਹਾਜ਼ਰੀ ਵਿੱਚ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ ਅਤੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਵੀ ਮੌਜੂਦ ਸਨ।

ਪੜਤਾਲ ਪ੍ਰਕਿਰਿਆ ਤਹਿਤ ਵੇਅਰਹਾਊਸ ਨੂੰ ਖੋਲ੍ਹ ਕੇ ਈਵੀਐਮ ਅਤੇ ਵੀਵੀਪੈਟ ਮਸ਼ੀਨਾਂ ਦੀ ਸਥਿਤੀ, ਸੁਰੱਖਿਆ ਪ੍ਰਬੰਧ, ਸੀਲਿੰਗ ਪ੍ਰਣਾਲੀ ਅਤੇ ਸੀਸੀਟੀਵੀ ਨਿਗਰਾਨੀ ਪ੍ਰਣਾਲੀ ਨੂੰ ਨੇੜਿਓਂ ਦੇਖਿਆ ਗਿਆ। ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਸਬੰਧਤ ਰਿਕਾਰਡ, ਲੌਗਬੁੱਕ ਅਤੇ ਐਂਟਰੀ ਰਜਿਸਟਰਾਂ ਦੀ ਵੀ ਜਾਂਚ ਕੀਤੀ ਗਈ।

ਮੁੱਖ ਚੋਣ ਅਫ਼ਸਰ ਸਿਬਿਨ ਸੀ. ਨੇ ਕਿਹਾ ਕਿ ਈਵੀਐਮ ਵੇਅਰਹਾਊਸ ਦੀ ਤਿਮਾਹੀ ਪੜਤਾਲ ਇੱਕ ਨਿਯਮਤ ਅਤੇ ਜ਼ਰੂਰੀ ਪ੍ਰਕਿਰਿਆ ਹੈ, ਜੋ ਕਿ ਹਰ ਜ਼ਿਲ੍ਹੇ ਵਿੱਚ ਸਮੇਂ-ਸਮੇਂ 'ਤੇ ਕੀਤੀ ਜਾਂਦੀ ਹੈ। ਇਸਦਾ ਉਦੇਸ਼ ਚੋਣ ਪ੍ਰਕਿਰਿਆ ਦੀ ਨਿਰਪੱਖਤਾ, ਸੁਰੱਖਿਆ ਅਤੇ ਪਾਰਦਰਸ਼ਤਾ ਬਣਾਈ ਰੱਖਣਾ ਹੈ। ਉਨ੍ਹਾਂ ਨੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵੇਅਰਹਾਊਸ ਪ੍ਰਬੰਧ ਉੱਚਤਮ ਮਾਪਦੰਡਾਂ ਦੇ ਅਨੁਸਾਰ ਪਾਇਆ ਗਿਆ।

ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਮੌਕੇ ਕਿਹਾ ਕਿ ਚੋਣ ਕਮਿਸ਼ਨ ਦੀ ਇਹ ਪਹਿਲਕਦਮੀ ਲੋਕਤੰਤਰੀ ਪ੍ਰਕਿਰਿਆ ਵਿੱਚ ਆਮ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ ਅਤੇ ਮਸ਼ੀਨਾਂ ਦੀ ਨਿਰਪੱਖਤਾ ਬਾਰੇ ਫੈਲੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੈ।

ਇਸ ਮੌਕੇ ਭਾਜਪਾ ਤੋਂ ਭੂਸ਼ਨ ਕੁਮਾਰ ਸ਼ਰਮਾ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਆਮ ਆਦਮੀ ਪਾਰਟੀ ਤੋਂ ਜਸਪਾਲ ਸਿੰਘ ਅਤੇ ਜੈ ਰਾਮ, ਬਹੁਜਨ ਸਮਾਜ ਪਾਰਟੀ ਤੋਂ ਮਦਨ ਸਿੰਘ ਬੈਂਸ ਤੋਂ ਇਲ-ਾਵਾ ਨੋਡਲ ਅ ਫ ਸ ਰ ਈ.ਵੀ.ਐਮਜ਼ ਬਲਵਿੰਦਰ ਸਿੰਘ, ਸਹਾਇਕ ਨੋਡਲ ਅਫਸਰ ਜਸਪਾਲ ਸਿੰਘ ਅਤੇ ਰੁਪਿੰਦਰਪਾਲ ਸਿੰਘ, ਐਕਸੀਅਨ ਲੋਕ ਨਿਰਮਾਣ ਵਿਭਾਗ ਗੁਰਮੀਤ ਸਿੰਘ, ਐਸ.ਡੀ.ਓ ਤਿਲਕ ਰਾਜ, ਤਹਿਸੀਲਦਾਰ ਚੋਣਾਂ ਹਰਮਿੰਦਰ ਸਿੰਘ, ਚੋਣ ਕਾਨੂੰਗੋ ਦੀਪਕ ਕੁਮਾਰ, ਲਖਵੀਰ ਸਿੰਘ, ਰਾਜਨ ਮੋਗਾ ਵੀ ਮੌਜੂਦ ਸਨ।

# ਢਾਹਾਂ ਕਲੇਰਾਂ ਹਸਪਤਾਲ ਵਿਖੇ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਆਰੰਭ



**ਢਾਹਾਂ ਕਲੇਰਾਂ ਹਸਪਤਾਲ ਵਿਖੇ ਗੁਰਦਿਆਂ ਦੀਆਂ ਬਿਮਾਰੀਆਂ ਦੇ, ਪੱਥਰੀਆਂ ਦੇ ਅਤੇ ਪਿਸ਼ਾਬ ਦੇ ਰੋਗਾਂ ਦਾ ਫਰੀ ਚੈੱਕਅੱਪ ਕੈਂਪ ਦਾ ਉਦਘਾਟਨ ਕਰਦੇ ਹੋਏ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਅਤੇ ਨਾਲ ਸਹਿਯੋਗ ਦੇ ਰਹੇ ਹਨ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਡਾਕਟਰ ਸਾਹਿਬਾਨ ਤੇ ਹਸਪਤਾਲ ਸਟਾਫ਼।**

**ਬੰਗਾ (ਚਰਨਜੀਤ ਸੱਲ੍ਹਾਂ)** ਯੂਰੋਲੌਜੀ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਵਿਖੇ ਇਲਾਕੇ ਦੇ ਲੋੜਵੰਦ ਮਰੀਜ਼ਾਂ ਦੀ ਸਹੂਲਤ ਲਈ ਗੁਰਦਿਆਂ ਦੀਆਂ ਬਿਮਾਰੀਆਂ ਦਾ, ਪੱਥਰੀਆਂ ਦਾ ਅਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਅੱਜ ਤੋਂ ਆਰੰਭ ਹੋਣ ਦਾ ਸਮਾਚਾਰ ਹੈ । ਇਸ ਕੈਂਪ ਦਾ ਉਦਘਾਟਨ ਡਾ. ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪ੍ਰਬੰਧਕਾਂ ਵੱਲੋਂ ਆਮ ਲੋਕਾਈ ਲਈ ਯੂਰੋਲੌਜੀ ਵਿਭਾਗ ਦਾ ਫਰੀ ਕੈਂਪ ਲਗਾਉਣ ਦੇ ਕਾਰਜ ਦੀ ਸ਼ਾਲਾਘਾ ਕੀਤੀ । ਸਿਵਲ ਸਰਜਨ ਡਾ.ਗੁਰਿੰਦਰਜੀਤ ਸਿੰਘ ਨੇ ਹਸਪਤਾਲ ਵੱਲੋਂ ਸਰਕਾਰੀ ਸਿਹਤ ਸਕੀਮਾਂ ਨੂੰ ਲਾਗੂ ਕਰਵਾਉਣ ਲਈ ਦਿੱਤੇ ਜਾਂਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਫਰੀ ਕੈਂਪਾਂ ਰਾਹੀਂ ਗਰੀਬ ਅਤੇ ਲੋੜਵੰਦਾਂ ਨੂੰ ਮਿਆਰੀ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹਨਾਂ ਸੇਵਾ ਕੈਂਪਾਂ ਦੀ ਲੜੀ ਵਿਚ ਹਸਪਤਾਲ ਦੇ ਯੂਰੋਲੋਜੀ ਵਿਭਾਗ ਵਿਚ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਲਗਾਇਆ ਗਿਆ ਹੈ । ਜਿਸ ਵਿਚ ਸੀਨੀਅਰ ਯੂਰੋਲੋਜਿਸਟ ਡਾਕਟਰ ਡਾ. ਅਮਿਤ ਸੰਧੂ ਐਮ ਐਸ, ਐਮ ਸੀ ਐਚ ਵੱਲੋਂ ਮਰੀਜ਼ਾਂ ਦਾ ਫਰੀ ਚੈੱਕਅੱਪ ਕੀਤਾ ਜਾਵੇਗਾ। ਕੈਂਪ ਦੌਰਾਨ ਮਰੀਜ਼ਾਂ ਦੀ ਰਜਿਟਰੇਸ਼ਨ ਮੁਫਤ ਹੋਵੇਗੀ ਅਤੇ ਅਲਟਰਾ ਸਾਊਂਡ ਸਕੈਨ ਸਿਰਫ 300/- ਰੁਪਏ ਵਿਚ ਕੀਤੀ ਜਾ ਰਹੀ ਹੈ । ਕੈਂਪ ਦੌਰਾਨ ਲੈਬ ਟੈਸਟ ਪੀ ਐਸ ਏ, ਆਰ ਐਫ ਟੀ, ਸੀ ਬੀ ਸੀ ਅਤੇ ਪਿਸ਼ਾਬ ਦੇ ਟੈਸਟਾਂ ਆਦਿ ਵਿਚ 50 ਫੀਸਦੀ ਛੋਟ ਦਿੱਤੀ ਜਾ ਰਹੀ ਹੈ । ਸ. ਢਾਹਾਂ ਨੇ ਇਸ ਮੌਕੇ ਸਮੂਹ ਇਲਾਕਾ ਨਿਵਾਸੀ ਲੋੜਵੰਦ ਮਰੀਜ਼ਾਂ ਨੂੰ ਅੱਜ ਤੋਂ ਆਰੰਭ ਹੋ ਕੇ 15 ਜੁਲਾਈ ਤੱਕ ਚੱਲਣ ਵਾਲੇ 15 ਦਿਨਾਂ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦੇ ਫਰੀ ਚੈੱਕਅੱਪ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕੀਤੀ । ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਅਮਰਜੈਂਸੀ ਵਾਰਡ, ਆਈ ਸੀ ਯੂ ਵਾਰਡ, ਫਾਰਮੇਸੀ, ਡਾਇਲਸਿਸ ਯੂਨਿਟ, ਉ ਪੀ ਡੀ ਅਤੇ ਹੋਰ ਡਾਕਟਰੀ ਵਿਭਾਗਾਂ ਦਾ ਦੌਰਾ ਵੀ ਕੀਤਾ ਅਤੇ ਹਸਪਤਾਲ ਪਬੰਧਕ ਟਰੱਸਟ ਵੱਲੋਂ ਉਹਨਾਂ ਨੂੰ ਯਾਦ ਚਿੰਨ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਡਾ. ਹਰੀਸ਼ ਕਿਰਪਾਲ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਡਾ. ਅਮਿਤ ਸੰਧੂ ਐਮ ਐਸ, ਐਮ ਸੀ ਐਚ(ਯੂਰੋਲੌਜੀ), ਡਾ. ਵਿਵੇਕ ਗੁੰਬਰ ਮੈਡੀਕਲ ਮਾਹਿਰ, ਡਾ. ਜਗਜੀਤ ਸਿੰਘ, ਡਾ. ਰਵੀਨਾ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ. ਜੋਤੀ ਭਾਟੀਆ ਫਰੰਟ ਡੈਸਕ ਮਨੈਜਰ ਤੋਂ ਇਲਾਵਾ ਸਮੂਹ ਹਸਪਤਾਲ ਅਤੇ ਸਮੂਹ ਡਾਕਟਰ ਸਾਹਿਬ-ਾਨ ਹਾਜ਼ਰ ਸਨ ।

## ਵਿਦਿਆਰਥੀ

ਅੱਜ ਕੌਮੀਂ ਡਾਕਟਰ ਦਿਵਸ 'ਤੇ
ਕਦੇ ਡਾਕਟਰ ਦੂਜਾ ਰੱਬ ਸਨ
ਅੱਜ ਕੱਲ੍ਹ ਲੋਕੀਂ ਨੇ ਡਰਦੇ ।
ਭਾਰੇ ਫੀਸਾਂ ਟੈਸਟ ਦਵਾਈ ਦੇ
ਸਿਰ 'ਤੇ ਪੱਥਰ ਨੇ ਧਰਦੇ ।
ਲੋਕੀ ਅਕਸਰ ਇੱਕ ਦੂਜੇ ਨਾਲ਼
ਏਹੀ ਗੱਲਾਂ ਕਰਦੇ ਨੇ ;
ਬਹੁਤੇ ਡਾਕਟਰ ਅਪਣੇ ਕਿੱਤੇ ਨਾਲ਼
ਇਨਸਾਫ਼ ਨਹੀਂ ਕਰਦੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਸੱਜਣਾ

ਸੱਚ ਨੂੰ ਹੋ ਮੁਖ਼ਾਤਿਬ ਉੱਠ ਤੂੰ ਚਾਨਣ ਲੀਹੇ ਪੈਰ ਟਿਕਾਅ,
ਜਾਗੋ-ਮੀਟੀ ਸੁਪਨੇ ਵੇਖ ਕੇ ਐਵੇਂ ਚਿੱਤ ਪਰਚਾਇਆ ਨਾ ਕਰ।

ਜਿਹੜਾ ਤੈਨੂੰ ਵੇਖ ਕੇ ਸੱਜਣਾ ਅੱਖਾਂ ਫੇਰ ਲਵੇ,
ਟੀਰਾ ਜਿਹਾ ਝਾਕ ਕੇ ਐਵੇਂ ਤੂੰ ਵੀ ਅੱਖ ਮਿਲਾਇਆ ਨਾ ਕਰ।

ਆਪਣੀਆਂ ਰਾਹਵਾਂ, ਆਪਣੀਆਂ ਸੋਚਾਂ ਉੱਤੇ ਪਹਿਰਾ ਦੇਈਦਾ,
ਬਿਗਾਨੀ ਸੁਰਮ-ਸਲਾਈ ਪਾ ਕੇ ਐਵੇਂ ਅੱਖ ਮਟਕਾਇਆ ਨਾ ਕਰ।

ਮੰਨਿਆ, ਤੂੰ ਬੜਾ ਗਿਆਨੀ ਏ ਕਈ ਘੋਲ਼ ਪੋਥੀਆਂ ਪੀਤੀਆਂ ਨੇ,
ਪਰ ਬਿਨਾਂ ਗੱਲ ਤੋਂ ਸੱਜਣਾ ਐਵੇਂ ਵਾਲ਼ਾਂ ਦੀ ਖੱਲ ਲਾਹਿਆ ਨਾ ਕਰ।

ਲੋੜ ਪੈਣ 'ਤੇ ਪਰਖ ਕਰੀਦੀ ਯਾਰਾ ਜਿਗਰੀ ਯਾਰਾਂ ਦੀ,
ਮਰ ਜਾਓ ਚਿੜੀਓ, ਜੀਅ ਪਓ ਚਿੜੀਓ ਕਹਿ-ਕਹਿ ਕੇ ਅਜ਼ਮਾਇਆ ਨਾ ਕਰ।



**ਧਰਮਿੰਦਰ ਸਾਥੀ।**

## ਕਹੋ ਉਨ੍ਹਾਂ ਨੂੰ

ਕਹੋ ਉਨ੍ਹਾਂ ਨੂੰ
ਬਾਰੂਦ ਦੀ ਸਪਰੇਅ ਨਾਲ
ਤਿਤਲੀਆਂ ਦੇ ਪਰ ਨਹੀਂ ਉਗਦੇ
ਸਾਹ ਹੁੱਟਦੇ ਧੂੰਏਂ ਵਿੱਚੋਂ
ਗੁਲਾਬ ਦੀਆਂ ਪੱਤੀਆਂ ਦੀ
ਮਹਿਕ
ਦਰਾਂ ਤੇ ਦਸਤਕ ਦੇਣ
ਨਹੀਂ ਆਉਂਦੀ
ਮਿਜ਼ਾਇਲਾਂ ਦੇ ਮਿਰਗਣੀ ਨੈਣ
ਦਰਾਂ 'ਤੇ ਮੁਹੱਬਤ ਦਾ ਲੋਟਾ ਲੈ
ਸਨੇਹ ਦੀ ਗ਼ਜ਼ਾ ਲਈ ਨਹੀਂ ਆਂਉਂਦੇ
ਉਹ ਦਰ ਘਰ
ਜਿਨ੍ਹਾਂ ਨੂੰ ਬਣਾਉਂਦਿਆਂ ਬਣਾਉਂਦਿਆਂ
ਉਮਰਾਂ ਤਾਂ ਕੀ
ਕਈ ਕਈ ਪੁਸ਼ਤਾਂ ਖਪ ਜਾਂਦੀਆਂ ਨੇ।
ਕਹੋ ਉਨ੍ਹਾਂ ਨੂੰ
ਸਿਰਾਂ 'ਤੇ ਚੜ੍ਹ ਆਏ
ਬੰਬਾਂ ਨਾਲ਼ ਲੱਦੇ ਜਹਾਜ਼
ਸ਼ਾਂਤੀ ਦੀ ਛਤਰ ਛਾਇਆ ਹੇਠ
ਬੇਗੁਨਾਹ ਅਤੇ ਮਾਸੂਮਾਂ ਲਈ
ਅਰਾਮਗਾਹ ਨਹੀਂ ਹੁੰਦੇ
ਜਸ਼ਨਾਂ ਦੇ ਸ਼ੋਰ ਵਿੱਚ
ਗੋਲੀਆਂ ਦੀ ਗੂੰਜ
ਗੱਭਰੂਆਂ ਦੀ ਬਰਾਤਾਂ ਦਾ
ਬੈਂਡ ਵਾਜਾ ਨਹੀਂ ਹੁੰਦੀ
ਬਲਦੀਆਂ ਅੱਗਾਂ 'ਚ
ਜਿਉਂਦੀਆਂ ਜਲਦੀਆਂ ਲਾਸ਼ਾਂ
ਜਿੱਤ ਦਾ ਪਰਚਮ ਨਹੀਂ ਹੁੰਦੀਆਂ
ਹੰਕਾਰ ਦੇ ਮੂੰਹਜ਼ੋਰ ਫ਼ਤਵੇ
ਕੁਦਰਤ ਦੇ ਅਸੂਲਾਂ ਦਾ
ਫੁਰਮਾਨ ਨਹੀਂ ਹੁੰਦੇ।
ਕਹੋ ਉਨ੍ਹਾਂ ਨੂੰ
ਇਹ ਤੇਜੀ ਨਾਲ਼ ਘੁੰਮਦਾ ਬਹ੍ਰਿਮੰਡ
ਕਦੇ ਕਿਸੇ ਦੀ
ਪ੍ਰਵਾਹ ਨਹੀਂ ਕਰਦਾ
ਇਹ ਜਿੱਤਾਂ ਹਾਰਾਂ
ਸਦੀਵੀ ਨਹੀਂ ਹੁੰਦੀਆਂ
ਬੇਪ੍ਰਵਾਹ ਵਕਤ ਕਦੇ ਵੀ
ਇੱਕੋ ਜਿਹਾ ਨਹੀਂ ਰਹਿੰਦਾ
ਤੇ
ਇਹ ਬਹੁਤੀ ਦੇਰ
ਤਖ਼ਤ ਦੀ
ਜੇਬ ਵਿੱਚ ਨਹੀਂ ਪੈਂਦਾ
ਇਸ ਕਰਕੇ
ਕਹੋ ਉਨ੍ਹਾਂ ਨੂੰ
ਅਕਲ ਨੂੰ ਹੱਥ ਮਾਰਨ
ਬੇਗੁਨਾਹਾਂ ਦੇ ਘਰ ਦਰ ਨਾ ਉਜਾੜਨ
ਉਜਾੜੇ 'ਚੋ ਉਜਾੜੇ ਹੀ
ਨਿਕਲ਼ਦੇ ਹਨ
ਜਦੋਂ ਪੈਰ ਫਿਸਲਦੇ ਹਨ
ਤਾਂ ਗੱਲ ਬਹੁਤ ਦੂਰ ਤੱਕ ਜਾਂਦੀ ਐ
ਤਵਾਰੀਖ ਤਾਂ ਇਹੋ ਸਮਝਾਂਦੀ ਐ
ਕਹੋ ਉਨ੍ਹਾਂ ਨੂੰ
ਉਹ ਤਵਾਰੀਖ ਨੂੰ ਪੜ੍ਹਨ
ਨਾ ਜੀਵਨ 'ਤੇ ਅੰਗਿਆਰ ਧਰਨ।
ਕਹੋ ਉਨ੍ਹਾਂ ਨੂੰ
ਜੇ ਲੜਨ ਦਾ
ਇੰਨਾ ਹੀ ਸ਼ੌਕ ਐ
ਆਪਸ 'ਚ ਨਿੱਬੜ ਲੈਣ
ਪਰ ਉਹ ਅਜਿਹਾ ਨਹੀਂ ਕਰਨਗੇ
ਕਿਉਂਕਿ
ਉਨ੍ਹਾਂ ਨੂੰ ਆਪਣੇ ਘਰ ਦਰ
ਜ਼ਮੀਨ ਜਾਇਦਾਦ
ਧੀ, ਪੁੱਤ, ਪਰਿਵਾਰ
ਨਾਲ ਹੈ ਸਭ ਤੋਂ ਵੱਧ ਪਿਆਰ
ਇਸ ਲਈ ਉਨ੍ਹਾਂ ਨੂੰ
ਆਂਚ ਤੱਕ ਨਹੀਂ ਆਉਂਦੀ
ਜੰਗ ਅਵਾਮ ਲੜਦਾ ਐ
ਤਖ਼ਤ ਵਾਹ ਵਾਹ ਕਰਦਾ ਹੈ
ਅਜਬ ਤਮਾਸ਼ਾ ਚੱਲਦਾ ਹੈ
ਹੁਣ ਵਕਤ ਸੁਨੇਹੇ ਘੱਲਦਾ ਹੈ
ਤਵਾਰੀਖ ਨੂੰ ਉਹ ਪੜ੍ਹਨ
ਨਾ ਜੀਵਨ 'ਤੇ ਅੰਗਿਆਰ ਧਰਨ
ਕਿਉਂਕਿ
ਘਰ ਦਰ ਬਣਾਉਣ ਵਿੱਚ
ਖਪ ਜਾਂਦੀਆਂ ਨੇ ਬਹੁਤ ਸਾਰੀਆਂ ਪੁਸਤਾਂ।



**ਡਾ. ਮੇਹਰ ਮਾਣਕ**

## ਖੁੱਲ੍ਹ ਗਏ ਸਕੂਲ ਬੱਚਿਓ

ਖੁੱਲ੍ਹ ਗਏ ਸਕੂਲ ਬੱਚਿਓ,
ਕਰ ਲਓ ਤਿਆਰ ਬਸਤਾ।
ਮੰਜ਼ਿਲਾਂ ਤੇ ਪਹੁੰਚਾ ਦੇਉਗਾ,
ਪੜ੍ਹਾਈ ਵਾਲਾ ਇਹ ਰਸਤਾ।
ਖੁੱਲ੍ਹ ਗਏ....
ਛੋਟੇ-ਛੋਟੇ ਬਾਲ ਹੁੰਦੇ ਹੋ,
ਸਿੱਖ ਕੇ ਮਹਾਨ ਹੁੰਦੇ ਹੋ।
ਹੌਲੀ-ਹੌਲੀ ਵੱਡੇ ਹੋ ਕੇ,
ਜਿੱਤਦੇ ਜਹਾਨ ਹੁੰਦੇ ਹੋ।
ਇਹ ਕੀਮਤੀ ਹੈ ਗਹਿਣਾ,
ਲੱਗਦਾ ਬੇਸ਼ਕ ਸਸਤਾ।
ਖੁੱਲ੍ਹ ਗਏ....
ਦੇਸ਼ ਕੌਮ ਦਾ ਸਰਮਾਇਆ,
ਤੁਸੀਂ ਪਿਆਰੇ ਬੱਚੇ ਹੋ।
ਕਰਨੀ ਤੁਸਾਂ ਤਰੱਕੀ ਬੜੀ,
ਮਨ ਦੇ ਸਾਫ ਸੱਚੇ ਹੋ।
ਗਿਆਨ ਚੰਗਾ ਮਿਲ਼ਦਾ,
ਚਿਹਰਾ ਜੇ ਹੋਵੇ ਹਸਤਾ।
ਖੁੱਲ੍ਹ ਗਏ...
ਬਸਤੇ ਦੇ ਭਾਰ ਦੇ ਹੇਠਾਂ,
ਚਾਨਣ ਦਾ ਸਵੇਰਾ ਹੈ।
ਥੋੜਿਆਂ ਹੀ ਸੁਪਨਿਆਂ 'ਚ,
ਵਿਕਾਸ ਦਾ ਵਸੇਰਾ ਹੈ।
ਕਰ ਲਓ ਖੰਭ ਵੱਡੇ 'ਮਨਜੀਤ',
ਲਓ ਸੁਸਤ ਚਾਲ ਨੂੰ ਮਸਤਾ।
ਖੁੱਲ੍ਹ ਗਏ....

**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**





# ਬਸਪਾ ਜ਼ਿਲ੍ਹਾ ਲੁਧਿਆਣਾ ਦੀ ਇੱਕ ਮੀਟਿੰਗ ਹਲਕਾ ਸੈਂਟਰਲ ਦੀ ਬੁਲਾਈ ਗਈ

**ਲੁਧਿਆਣਾ (ਚਰਨਜੀਤ ਸੱਲ੍ਹਾਂ)** ਅੱਜ ਬਹੁਜਨ ਸਮਾਜ ਪਾਰਟੀ ਜਿਲਾ ਲੁਧਿਆਣਾ ਦੀ ਇੱਕ ਵਿਸ਼ੇਸ਼ ਮੀਟਿੰਗ ਵਿਧਾਨ ਸਭਾ ਹਲਕਾ ਸੈਂਟਰਲ ਵਿੱਚ ਬੁਲਾਈ ਗਈ ਇਸ ਮੀਟਿੰਗ ਵਿੱਚ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੀਆਂ ਵਿਧਾਨ ਸੰਭਾਵਾਂ ਦੀ ਸਮੁੱਚੀ ਲੀਡਰਸ਼ਿਪ ਨੂੰ ਸੈਕਟਰ ਕਮੇਟੀਆਂ ਬਣਾਉਣ ਲਈ ਦੇਸ਼ਾਂ ਨਿਰਦੇਸ਼ ਦਿੱਤੇ ਗਏ ਔਰ ਵਿਧਾਨ ਸਭਾ ਦੇ ਲੀਡਰ ਸਾਹਿਬਾਨਾਂ ਨੂੰ ਤਕੜੇ ਹੋ ਕੇ 2027 ਦੇ ਮਿਸ਼ਨ ਨੂੰ ਪੂਰਾ ਕਰਨ ਲਈ ਤਨਦੇਹੀ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਇਸ ਮੀਟਿੰਗ ਦੇ ਮੁੱਖ ਮਹਿਮਾਨ ਸੂਬਾ ਜਰਨਲ ਸਕੱਤਰ ਜੋਨ ਇੰਚਾਰਜ ਸ਼੍ਰੀ ਬਲਵਿੰਦਰ ਸਿੰਘ ਬਿੱਟਾ ਜੀ ਅਤੇ ਸੂਬਾ ਜਨਰਲ ਸਕੱਤਰ ਜੋਨ ਇੰਚਾਰਜ ਸ਼੍ਰੀ ਪ੍ਰਵੀਨ ਬੰਗਾ ਜੀ ਪਹੁੰਚੇ ਅੱਜ ਦੀ ਇਹ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਜੱਸੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੀ ਕਾਰਵਾਈ ਜ਼ਿਲਾ



ਜਨਰਲ ਸੈਕਟਰੀ ਸੁਰੇਸ਼ ਕੁਮਾਰ ਸੋਨੂ ਜੀ ਵੱਲੋਂ ਚਲਾਈ ਗਈ ਇਸ ਮੌਕੇ ਤੇ ਜਿਲ੍ਹਾ ਵਾਈਸ ਪ੍ਰਧਾਨ ਮਾਸਟਰ ਰਾਜ ਕੁਮਾਰ ਜੀ ਜ਼ਿਲਾ ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀ ਜੀ ਜਿਲਾ ਕੈਸ਼ੀਅਰ ਸ੍ਰੀ ਅੰਦੇਸ਼ ਤੋਮਰ ਜੀ ਜਿਲਾ ਕੋਆਰਡੀਨੇਟਰ ਸ੍ਰੀ ਬਲਵਿੰਦਰ ਕੁਮਾਰ ਕੋਚ ਜੀਂ ਲੇਡੀਜ਼ ਇੰਚਾਰਜ ਭੈਣ ਮੈਨੂੰ ਧੀਰ ਜੀ ਹਲਕਾ ਸੈਂਟਰਲ ਦੇ ਪ੍ਰਧਾਨ ਸ੍ਰੀ ਕਪਿਲ ਕੁਮਾਰ ਜੀ ਹਲਕਾ ਪੂਰਵੀ ਦੇ ਪ੍ਰਧਾਨ ਸ੍ਰੀ ਰਜਿੰਦਰ ਨਿੱਕਾ ਜੀ ਹਲਕਾ ਉੱਤਰੀ ਦੇ ਜਨਰਲ ਸੈਕਟਰੀ ਸ੍ਰੀ ਬਲਦੇਵ ਮਲ ਜੀ ਹਲਕਾ ਦੱਖਣੀ ਦੇ ਜਨਰਲ ਸੈਕਟਰੀ ਹਾਰਫੂਲ ਬੋਧ ਜੀ ਹਲਕਾ ਸੈਂਟਰਲ ਦੇ ਵਾਈਸ ਪ੍ਰਧਾਨ ਕੁਲਦੀਪ ਸੰਪਲਾ ਜੀ ਹਲਕਾ ਸੈਂਟਰਲ ਦੇ ਸੈਕਟਰੀ ਰਜਿੰਦਰ ਕੁਮਾਰ ਜੀ ਕੈਸ਼ੀਅਰ ਰਵੀ ਬੋਧ ਜੀ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਹੋਏ ਸਨ

"ਬਾਬਾ ਸਾਹਿਬ ਜੀ ਤੁਹਾਡਾ ਮਿਸ਼ਨ ਅਧੂਰਾ ਰਲ ਮਿਲ ਕੇ ਅਸੀਂ ਕਰਾਂਗੇ ਪੂਰਾ"।

## ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹਰਿਆਣਾ 'ਚ ਗਲੀ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਦੇ ਕਸਬਾ ਹਰਿਆਣਾ ਵਿਚ ਲੰਮੇ ਸਮੇਂ ਤੋਂ ਪੈਂਡਿੰਗ ਵਿਕਾਸ ਕਾਰਜ ਦਾ ਉਦਘਾਟਨ ਕੀਤਾ। ਉਨ੍ਹਾਂ ਵਾਰਡ ਨੰਬਰ 4 ਦੇ ਢੋਲ ਕਲੋਨੀ ਵਿੱਚ15 ਸਾਲਾਂ ਤੋਂ ਅਧੂਰੇ ਪਏ ਇਕ ਕੱਚੀ ਗਲੀ ਨੂੰ ਪੱਕਾ ਕਰਨ ਦੇ ਕਾਰਜ ਦੀ ਸ਼ੁਰੂਆਤ ਕੀਤੀ। ਇਹ ਗਲੀ ਹੁਣ 10.83 ਲੱਖ ਰੁਪਏ ਦੀ ਲਾਗਤ ਨਾਲ ਪੱਕੀ ਬਣਾਈ ਜਾਵੇਗੀ, ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿਚ ਸੂਬੇ ਦੇ ਹਰ ਕੋਨੇ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਗਲੀ ਦੇ ਪੱਕਾ ਹੋਣ ਨਾਲ ਨਾ ਕੇਵਲ ਸਥਾਨਕ ਨਿਵਾਸੀਆਂ ਨੂੰ ਮੀਂਹ ਅਤੇ ਧੂੜ ਦੀ ਸਮੱਸਿਆ ਤੋਂ ਰਾਹਤ ਮਿਲੇਗੀ, ਬਲਕਿ ਆਵਾਜਾਈ ਵੀ ਆਸਾਨ ਹੋ ਜਾਵੇਗੀ ਅਤੇ ਇਲਾਕੇ ਦੀ ਸੁੰਦਰਤਾ ਵੀ ਵਧੇਗੀ।

## ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਿਤ ਦੋ ਦਿਨ ਦੀ ਲੰਗਰ ਸੇਵਾ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਕਲੱਬ ਬੰਗਾ ਦੇ ਮੌਜੂਦਾ ਪ੍ਰਧਾਨ ਸੁਰਿੰਦਰਪਾਲ ਖੇਪੜ ਅਤੇ ਨਵੇਂ ਪ੍ਰਧਾਨ ਪ੍ਰਵੀਨ ਕੁਮਾਰ ਦੀ ਅਗਵਾਈ ਹੇਠ ਸਮੂਹ ਰੋਟੇਰੀਅਨ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਿਤ ਦੋ ਦਿਨ ਦੀ ਲੰਗਰ ਸੇਵਾ ਕੀਤੀ ਗਈ । ਇਸ ਸ਼ੁਭ ਕਾਰਜ ਦਾ ਆਰੰਭ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ




ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਕੀਤਾ । ਉਹਨਾਂ ਨੇ ਰੋਟਰੀ ਕਲੱਬ ਬੰਗਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਾਰੀ ਸ਼ਲਾਘਾ ਕੀਤੀ ਅਤੇ ਹਸਪਤਾਲ ਢਾਹਾਂ ਕਲੇਰਾਂ ਦੇ ਮਰੀਜ਼ਾਂ ਲਈ ਦੋ ਦਿਨ ਦੇ ਲੰਗਰ ਦੀ ਸੇਵਾ ਕਰਨ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਰੋਟਰੀ ਕਲੱਬ ਬੰਗਾ ਦੇ ਮੌਜੂਦਾ ਪ੍ਰਧਾਨ ਸੁਰਿੰਦਰਪਾਲ ਖੇਪੜ ਅਤੇ ਨਵੇਂ ਪ੍ਰਧਾਨ ਪ੍ਰਵੀਨ ਕੁਮਾਰ ਨੇ ਆਪਣੇ ਰੋਟੇਰੀਅਨ ਮੈਂਬਰਾਂ ਨਾਲ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਨੂੰ ਲੰਗਰ ਵਰਤਾਇਆ । ਲੰਗਰ ਸੇਵਾ ਮੌਕੇ ਸ਼ਰਨਜੀਤ ਸਿੰਘ ਸੈਕਟਰੀ ਰੋਟਰੀ ਕਲੱਬ, ਪ੍ਰੋਜੈਕਟ ਡਾਇਰੈਕਟਰ ਇਕਬਾਲ ਸਿੰਘ ਬਾਜਵਾ, ਰਾਜ ਬਾਜਾੜ ਅਸਿਸਟੈਂਟ ਗਵਰਨਰ, ਪ੍ਰਿੰਸੀਪਲ ਗੁਰਜੰਟ ਸਿੰਘ ਸਾਬਕਾ ਪ੍ਰਧਾਨ, ਰਾਜ ਕੁਮਾਰ ਭੰਮਰਾ, ਭੁਪਿੰਦਰ ਕੁਮਾਰ ਝਿੱਕਾ, ਐਡਵਕੇਟ ਅਨਿਲ ਕਟਾਰੀਆ, ਅਮਨਦੀਪ ਘਈ, ਪਰਮਜੀਤ ਸਿੰਘ ਭੋਗਲ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਉਮ ਬਹਾਦਰ ਵਿਸ਼ਵਕਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ ।

## ਰੈੱਡ ਕਰਾਸ ਸੁਸਾਇਟੀ ਵਲੋਂ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ ਦਿੱਤੇ ਗਏ ਸੈਨੇਟਰੀ ਪੈਡ ਤੇ ਮਾਸਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ- ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲਾ ਰੈਡ ਕਰਾਸ ਸੁਸਾਇਟੀ ਰੋਜ ਨਵੀਆਂ ਪੁਲਾਂਗਾ ਪੁੱਟ ਰਹੀ ਹੈ। ਰੈੱਡ ਕਰਾਸ ਸੁਸਾਇਟੀ ਗਰੀਬ ਲੋੜਬੰਦ ਵਿਅਕਤੀਆਂ ਦੀ ਮਦੱਦ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਮੰਗੇਸ ਸੂਦ ਨੇ ਦੱਸਿਆ ਕਿ ਹਰ ਸਾਲ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸ੍ਰੀ ਅਮਰਨਾਥ ਯਾਤਰਾ ਲਈ ਯਾਤਰੀ ਯਾਤਰਾ



ਲਈ ਜਾਂਦੇ ਹਨ। ਇਨ੍ਹਾਂ ਯਾਤਰੀਆਂ ਦੀਆਂ ਕੁਝ ਬੁਨਿਆਦੀ ਜ਼ਰੂਰਤਾਂ ਨੂੰ ਬਾਬਾ ਬਰਫਾਨੀ ਸੇਵਾ ਕਮੇਟੀ ਹੁਸ਼ਿਆਰਪੁਰ ਵਲੋਂ ਰੈੱਡ ਕਰਾਸ ਸੁਸਾਇਟੀ ਦੀ ਮਦੱਦ ਨਾਲ ਪੂਰਾ ਕੀਤਾ ਜਾਂਦਾ ਹੈ ਲ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਸਾਲ ਵੀ ਰੈੱਡ ਕਰਾਸ ਸੁਸਾਇਟੀ ਵਲੋਂ ਬਾਬਾ ਬਰਫਾਨੀ ਸੇਵਾ ਕਮੇਟੀ ਨੂੰ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ ਸੈਨੇਟਰੀ ਪੈਡ ਅਤੇ ਮਾਸਕ ਮੁਫ਼ਤ ਮੁਹੱਈਆ ਕਰਵਾਏ ਗਏ ਹਨ। ਇਹ ਵਸਤੂਆਂ ਯਾਤਰੀਆਂ ਲਈ ਯਾਤਰਾ ਵਿੱਚ ਬਹੁਤ ਲਾਭਦਾਇਕ ਸਿੱਧ ਹੋਣਗੀਆਂ। ਬਾਬਾ ਬਰਫਾਨੀ ਸੇਵਾ ਕਮੇਟੀ ਵੱਲੋਂ ਇਸ ਕੰਮ ਲਈ ਰੈੱਡ ਕਰਾਸ ਸੁਸਾਇਟੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਬਾਬਾ ਬਰਫਾਨੀ ਸੇਵਾ ਕਮੇਟੀ ਵੱਲੋਂ ਯੁਗੇਸ਼ ਕੌਸ਼ਲ, ਅਦਿੱਤਯ ਰਾਣਾ ਜੁਆਇੰਟ ਸਕੱਤਰ ਅਤੇ ਸਟਾਫ ਹਾਜ਼ਰ ਸੀ।

for more news visit:
www.samajweekly.com

# ਪੰਜਾਬੀ ਆਰਟਸ ਐਂਡ ਲਿਟਰੇਰੀ ਸਹਿਤ ਸਭਾ ਨੇ ਡਾਕਟਰ ਹਰੀਸ਼ ਮਲਹੋਤਰਾ ਦੀ ਕਿਤਾਬ, 'ਅੰਧ ਵਿਸ਼ਵਾਸ', ਨੂੰ ਰਿਲੀਜ਼ ਕੀਤਾ

**ਸਮਾਜ ਵੀਕਲੀ ਯੂ ਕੇ-** 29 ਜੂਨ 2025 ਨੂੰ ਲੈਸਟਰ ਵਿਖੇ ਪੰਜਾਬੀ ਆਰਟਸ ਐਂਡ ਲਿਟਰੇਰੀ ਸਹਿਤ ਸਭਾ ਨੇ ਡਾਕਟਰ ਹਰੀਸ਼ ਮਲਹੋਤਰਾ ਦੀ ਕਿਤਾਬ, 'ਅੰਧ ਵਿਸ਼ਵਾਸ', ਨੂੰ ਰਿਲੀਜ਼ ਕੀਤਾ। ਉਸ ਕਿਤਾਬ ਬਾਰੇ ਭਰਪੂਰ ਚਰਚਾ ਹੋਈ ਤੇ ਉਸ ਕਿਤਾਬ ਨੂੰ ਬਹੁਤ ਜਿਆਦਾ ਸਲਾਹਿਆ ਵੀ ਗਿਆ। ਕਿਤਾਬ ਤੇ ਓਂਕਾਰ ਸਿੰਘ, ਸੀ ਸ ਗੁਰੂ, ਦੇਸੀ ਸਾਹਿਬ, ਬਾਂਸਲ ਜੀ, ਡਾਕਟਰ ਬਲਵਿੰਦਰ ਕੌਰ ਨੇ ਚਰਚਾ ਕੀਤੀ। ਡਾਕਟਰ ਹਰੀਸ਼ ਮਲਹੋਤਰਾ ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਆ ਰਹੇ ਹਨ। ਹੁਣ ਤੱਕ ਡਾਕਟਰ ਹਰੀਸ਼ ਮਲਹੋਤਰਾ ਨੇ 25 ਕਿਤਾਬਾਂ ਲਿਖੀਆਂ ਹਨ ਤੇ ਉਹਨਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਯੂਨੀਵਰਸਿਟੀਆਂ ਵਿੱਚ ਐਮ ਏ ਅਤੇ ਪੀ ਐਚ ਡੀ ਕੋਰਸਾਂ ਵਿੱਚ ਲੱਗੀਆਂ ਹੋਈਆਂ ਹਨ। ਡਾਕਟਰ ਹਰੀਸ਼ ਮਲਹੋਤਰਾ 1973 ਦੇ ਵਿੱਚ ਬਰਤਾਨੀਆ ਆਇਆ ਸੀ ਉਸ ਤੋਂ ਬਾਅਦ ਡਾਕਟਰ ਹਰੀਸ਼ ਨੇ ਫੈਕਟਰੀਆਂ ਵਿੱਚ ਕੰਮ ਕਰਨ ਤੋਂ ਬਾਅਦ ਪੜ੍ਹਾਈ ਫੁੱਲ ਟਾਈਮ ਸ਼ੁਰੂ ਕੀਤੀ ਤੇ ਇਸ ਮੁਲਕ ਦੇ ਵਿੱਚ ਉਹਨਾਂ ਨੇ ਪਹਿਲਾਂ ਡਿਪਲੋਮਾ ਸੋਸ਼ਲ ਵਰਕਰ ਦਾ ਕੀਤਾ ਤੇ ਫਿਰ ਉਸ ਤੋਂ ਬਾਅਦ ਮਾਸਟਰ ਡਿਗਰੀ ਯੂਨੀਵਰਸਿਟੀ ਆਫ ਵਾਰਕ ਤੋਂ ਕੀਤੀ ਤੇ ਫਿਰ ਯੂਨੀਵਰਸਿਟੀ ਆਫ ਬਰਮਿੰਗਮ ਤੋਂ ਪੀ ਐਚ ਡੀ ਦੀ ਡਿਗਰੀ ਹਾਸਿਲ ਕੀਤੀ। ਡਾਕਟਰ ਹਰੀਸ਼ ਨੇ ਸੋਸ਼ਲ ਸਰਵਿਸ ਦੇ ਵਿੱਚ ਬਹੁਤ ਉੱਚ ਪਦਵੀ ਤੇ ਕੰਮ ਕੀਤਾ ਤੇ ਅੱਜ ਕੱਲ ਸੇਵਾ ਮੁਕਤ ਹਨ। ਉਹਨਾਂ ਨੇ ਪਾਰਟ ਟਾਈਮ, ਯੂਨੀਵਰਸਿਟੀ ਵਿੱਚ ਵੀ 16 ਸਾਲ ਤੋਂ ਜਿਆਦਾ ਸਮਾਂ ਐਮ ਏ ਦੇ ਸਟੂਡੈਂਟਸ ਨੂੰ, ਪੀ ਐਚ



ਡੀ ਨੂੰ ਅਤੇ ਅੰਡਰ ਗ੍ਰੈਜੂਏਟਸ ਨੂੰ ਪੜਾਇਆ। ਡਾਕਟਰ ਹਰੀਸ਼ ਇੱਕ ਇਹੋ ਜਿਹਾ ਇਨਸਾਨ ਹੈ ਜਿਸ ਨੇ ਤਰਕਸ਼ੀਲ ਸੋਸਾਇਟੀ 1997 ਦੇ ਵਿੱਚ ਬਰਤਾਨੀਆ ਵਿੱਚ ਸ਼ੁਰੂ ਕੀਤੀ ਤੇ ਜਿਹੜੀ ਕਿ ਹੁਣ ਵੀ ਚੱਲ ਰਹੀ ਹੈ। ਉਹ ਸੁਸਾਇਟੀ ਦੇ ਪਹਿਲੇ ਜਨਰਲ ਸਕੱਤਰ ਸਨ। ਬਹੁਤ ਸਾਰੇ ਬਾਬਿਆਂ ਜੋਤਸ਼ੀਆਂ ਦੇ ਇਹ ਨਥ ਪਾ ਚੁੱਕੇ ਹਨ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਹੋ ਜਿਹੀਆਂ ਕਿਤਾਬਾਂ ਜਿਹੜੀਆ ਕਿ ਸਾਡੇ ਸਮਾਜ ਨੂੰ ਵਿਗਿਆਨਿਕ ਸੋਚ ਦੇ ਨਾਲ ਲਾਉਣ, ਖੋਜ ਤੇ ਅਧਾਰਤ ਹੋਣ ਜਿਹਨਾਂ ਦੀ ਲੇਖਣੀ ਤੱਥਾਂ ਦੇ ਅਧਾਰ ਤੇ ਹੁੰਦੀ ਹੈ ਤੇ ਉਹਨਾਂ ਨੂੰ ਲੋਕਾਂ ਦਾ ਬਹੁਤ ਜਿਆਦਾ ਦਰਦ ਹੈ। ਉਹਨਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਜਿਸ ਤਰ੍ਹਾਂ, ਵਿਗਿਆਨੀ ਬਾਬੇ, ਬੱਚੇ, ਖੁਸ਼ੀ, ਰਿਸ਼ਤਿਆਂ ਦਾ ਕਤਲ, ਸਫਲਤਾ ਦੇ ਭੇਦ ਤੇ ਸਭ ਤੋਂ ਪਹਿਲੀ ਕਿਤਾਬ, ਜਾਹਲੀ ਦੁਨੀਆ, ਜਿਹੜੀ ਕਿ ਬਹੁਤ ਸਾਲ ਐਮ ਏ ਦੇ ਕੋਰਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਲੱਗੀ ਰਹੀ ਹੈ। ਹਰੀਸ਼ ਮਲੋਹਤਰਾ ਦੀ ਕਿਤਾਬ, ਵੱਖਰੀ ਨਸਲ, ਇੱਥੇ ਦੇ ਪੰਜਾਬੀ ਦੇ ਏ ਲੈਵਲ ਵਿੱਚ ਵੀ ਬਹੁਤ ਦੇਰ ਤੱਕ ਲੱਗੀ ਰਹੀ ਹੈ। ਹਰੀਸ਼ ਮਲਹੋਤਰਾ ਇੱਕ ਐਸਾ ਲੇਖਕ ਹੈ ਜਿਹਦੀਆਂ ਲਿਖਤਾਂ ਨਿਵੇਕਲੀ ਕਿਸਮ ਦੀਆਂ ਹਨ ਤੇ ਬਹੁਤ ਹੀ ਜਿਆਦਾ ਯਥਾਰਥਿਕ ਵੀ ਹਨ। ਉਹਨਾਂ ਨੇ ਜਿਹੜੇ ਕੇਸਾ ਨੂੰ ਨਿਪਟਾਇਆ ਹੈ ਉਹਨਾਂ ਬਾਰੇ ਉਹਨਾਂ ਨੇ ਨਿਠ ਕੇ ਲਿਖਿਆ ਹੈ। ਅਸੀਂ ਡਾਕਟਰ ਜੀ ਦੀ ਇਸ ਕਿਤਾਬ ਨੂੰ ਰਿਲੀਜ਼ ਕਰਦੇ ਹੋਏ ਤੇ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਬਹੁਤ ਹੀ ਜਿਆਦਾ ਖੁਸ਼ੀ ਮਹਿਸੂਸ ਕਰਦੇ ਹਾਂ। ਉਹਨਾਂ ਦੇ ਬਹੁਤ ਹੀ ਪਿਆਰੇ ਦੋਸਤ ਸੀਤਲ ਸਿੰਘ ਗਿੱਲ ਹੋਣੀ ਜੋ ਕਿ ਲਿਸਟਰ ਵਿੱਚ ਕੋਹੀਨੂਰ ਰੇਡੀਓ ਦਾ ਪ੍ਰੋਗਰਾਮ ਪ੍ਰਜੈਂਟ ਕਰਦੇ ਹਨ ਤੇ ਉਹਨਾਂ ਦੇ ਨਾਲ ਵੀ ਡਾਕਟਰ ਮਲਹੋਤਰਾ ਜੀ ਕਈ ਸਾਲਾਂ ਤੋਂ ਉਹਨਾਂ ਦਾ ਸਾਥ ਦਿੰਦੇ ਆ ਰਹੇ ਹਨ। ਹਰ ਬੁੱਧਵਾਰ ਨੂੰ 9 ਤੋਂ 11 ਵਜੇ ਇਸ ਡਿਸਕਸ਼ਨ ਦੇ ਵਿੱਚ ਹਿੱਸਾ ਲੈਂਦੇ ਹਨ। ਇਹਦੇ ਨਾਲ ਨਾਲ ਹੀ ਡਾਕਟਰ ਮਲਹੋਤਰਾ ਜੀ, ਸੀ ਐਸ ਗੁਰੂ ਦੇ ਨਾਲ ਵੀ ਬਹੁਤ ਸਾਰੇ ਟੈਲੀਵਿਜ਼ਨ ਦੇ ਪ੍ਰੋਗਰਾਮ ਸੰਗਤ ਟੈਲੀਵਿਜ਼ਨ ਅਤੇ ਅਕਾਲ ਟੈਲੀਵਿਜ਼ਨ, ਤੇ ਦੇ ਚੁੱਕੇ ਹਨ। ਅੱਜ ਕੱਲ ਡਾਕਟਰ ਹਰੀਸ਼ ਜੀ ਕਾਂਜ਼ੀ ਟੈਲੀਵਿਜ਼ਨ ਤੇ ਰੈਗੂਲਰਲੀ ਹਰ ਹਫਤੇ ਆਪਣਾ ਪ੍ਰੋਗਰਾਮ, ਸੋਚ ਦਾ ਸਫਰ, ਵੀ ਦਿੰਦੇ ਹਨ ਜਿਹਦੇ ਵਿੱਚ ਆਪਣੀਆਂ ਕਿਤਾਬਾਂ ਨੂੰ ਪੜ੍ਹਦੇ ਹਨ ਤੇ ਉਹਨਾਂ ਤੇ ਫਿਰ ਭਰਪੂਰ ਡਿਸਕਸ਼ਨ ਹੁੰਦੀ ਹੈ। ਇੱਕ ਵਾਰੀ ਫੇਰ ਅਸੀਂ ਡਾਕਟਰ ਹਰੀਸ਼ ਮਲਹੋਤਰਾ ਜੀ ਨੂੰ ਇਸ ਕਿਤਾਬ, ਜਿਹੜੀ ਕਿ ਇੱਕ ਕਿਸਮ ਦਾ ਮੀਲ ਪੱਥਰ ਹੈ ਅਤੇ ਬਾਕੀ ਕਿਤਾਬਾਂ ਵਾਂਗ ਇੱਕ ਨਿਵੇਕਲੀ ਹੈ, ਉਹਨਾਂ ਨੂੰ ਕਮਾਲ ਦੀ ਕਿਤਾਬ ਲਿਖਣ ਲਈ ਢੇਰ ਸਾਰੀਆਂ ਵਧਾਈਆਂ ਪੇਸ਼ ਕਰਦੇ ਹਾਂ

# ਬਾਬਾ ਸਾਹਿਬ ਜੀ ਦੇ ਮਿਸ਼ਨ ਲਈ ਜਿੰਦ ਜਾਨ ਲਗਾ ਕੇ ਆਪਣੀ ਜਿੰਦਗੀ ਜਿਉਣ ਵਾਲੇ ਉੱਘੇ ਮਿਸ਼ਨਰੀ ਸਾਥੀ ਸ੍ਰੀ ਮਦਨ ਸਰੋਏ ਨਹੀਂ ਰਹੇ

**ਸਮਾਜ ਵੀਕਲੀ ਯੂ ਕੇ-**

ਬਾਬਾ ਸਾਹਿਬ ਜੀ ਦੇ ਮਿਸ਼ਨ ਲਈ ਜਿੰਦ ਜਾਨ ਲਗਾ ਕੇ ਆਪਣੀ ਜਿੰਦਗੀ ਜਿਉਣ ਵਾਲੇ ਬਹੁਤ ਹੀ ਉੱਘੇ ਮਿਸ਼ਨਰੀ ਸਾਥੀ ਸ੍ਰੀ ਮਦਨ ਸਰੋਏ ਜੀ ਅੱਜ ਇਸ ਪਰਿਵਰਤਨਸੀਲ, ਅਨਿਚਾਵਤ, ਅਨਾਤਮ ਸੰਸਾਰ ਵਿੱਚੋ ਮਨ ਅਤੇ ਸਰੀਰ ਤੋਂ ਅਲੱਗ ਹੋ ਕੇ ਨਿਰਵਾਣਿਕ ਯਾਤਰਾ ਤੇ ਚਲੇ ਗਏ ਹਨ ਜਿਸ ਦਾ ਨਾ ਤਾਂ ਆਦਿ ਹੈ ਅਤੇ ਨਾ ਹੀ ਅੰਤ ਹੈ....

ਭਾਵ ਕਿ ਸਦਾ ਇਸ ਪ੍ਰਵਰਨਸੀਲ ਸੰਸਾਰ ਵਿੱਚੋਂ ਸਦਾ ਲਈ ਚਲੇ ਗਏ ਹਨ ਪਰ ਆਪਣੇ ਸਮਾਜ ਦੇ ਦਿਲਾਂ ਵਿੱਚ ਅਜਿਹੀ ਧੜਕਣ ਛੱਡ ਗਏ ਹਨ ਕਿ ਜਿਸ ਹਿਰਦੇ ਨੇ ਵੀ ਉਹਨਾਂ ਨਾਲ ਪੰਜ ਮਿੰਟ ਦਾ ਵੀ ਸਮਾਂ ਬਤੀਤ ਕੀਤਾ ਹੋਵੇਗਾ, ਉਹ ਆਪਣੇ ਦਿਲ ਦੀ ਧੜਕਣ ਵਾਂਗ ਹਮੇਸ਼ਾ ਉਹਨਾਂ ਨੂੰ ਯਾਦ ਕਰਦਾ ਰਹੇਗਾ।

ਅਜਿਹੇ ਇਨਸਾਨ ਇਸ ਸੰਸਾਰ ਵਿੱਚ ਅਰਬਾਂ ਦੀ ਗਿਣਤੀ ਵਿੱਚੋ ਇੱਕ ਹੀ ਹੁੰਦੇ ਹਨ ਜੋ ਆਪਣੇ ਮਹਾਂਪੁਰਸ਼ਾ ਦਾ ਅੰਦੋਲਨ ਪੂਰੀ ਇਮਾਨਦਾਰੀ ਨਾਲ ਚਲਾਉਂਦੇ ਹਨ ਅਤੇ ਸਮਾਜ ਦੀ ਹਰੇਕ ਮੁਸਕਿਲ ਨੂੰ ਹੱਲ ਕਰਨ ਲਈ ਸਦਾ ਤਿਆਰ ਰਹਿੰਦੇ ਹਨ।

ਸ੍ਰੀਮਾਨ ਮਦਨ ਸਰੋਏ ਜੀ ਦੇ ਸਮਾਜ ਲਈ ਕੀਤੇ ਕੰਮ ਉਹਨਾਂ ਨੂੰ ਸਮਾਜ ਵਿੱਚੋਂ ਕਦੀ ਵੀ ਵਿਛੜਨ ਨਹੀਂ ਦੇਣਗੇ ਅਤੇ ਹਮੇਸ਼ਾ ਉਹਨਾਂ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ।

ਅਸੀ ਆਪਣੇ ਸਮਾਜ ਵਲੋਂ ਅਤੇ ਗਰੁਪ ਦੇ ਸਾਰੇ ਸਾਥੀਆ ਵਲੋਂ ਸ੍ਰੀ ਮਦਨ ਸਰੋਏ ਜੀ ਦੇ ਕੀਤੇ ਯਾਦਗਾਰ ਮਿਸਨਰੀ ਕੰਮਾਂ ਨੂੰ ਯਾਦ ਕਰਦੇ ਹੋਏ ਆਪਣੇ ਪਵਿੱਤਰ ਮਨ ਨਾਲ ਉਹਨਾਂ ਨੂੰ ਸਰਧਾ ਅਰਪਣ ਕਰਦੇ ਹਾਂ ਅਤੇ ਕੁਦਰਤ ਦਾ ਕਾਨੂੰਨ ਜੋ ਕਿ ਬਦਲਣਸੀਲ ਹੈ, ਨੂੰ ਪ੍ਰਵਾਨ ਕਰਨ ਦਾ ਬਲ ਪ੍ਰਾਪਤ ਕਰਨ ਲਈ




ਮੰਗਲ ਮੈਤਰੀ ਅਰਪਣ ਕਰਦੇ ਹਾਂ ਅਤੇ ਸਭ ਗਰੁੱਪ ਦੇ ਸਾਥੀਆ ਨੂੰ ਵੀ ਇਸ ਸੱਚਾਈ ਨੂੰ ਹਮੇਸ਼ਾ ਮਨ ਵਿੱਚ ਯਾਦ ਕਰਦੇ ਹੋਏ ਕੁਸਲ ਕਰਮ ਕਰਨ ਲਈ ਤਥਾਗਤ ਬੁੱਧ ਜੀ ਦੀਆ ਸਿਖਿਆਵਾਂ ਤੇ ਅਮਲ ਕਰਨ ਲਈ ਮੰਗਲ ਕਾਮਨਾਵਾਂ ਅਰਪਣ ਕਰਦੇ ਹਾਂ। ॥ ॥

ਅਨਿਚਾਵਤ ਸੰਖਾਰਾ, ਉਤਪਾਦ ਵੈਅ ਧੰਮਿਣੋ ਉਪਜਿਤਵਾ ਨਿਰਜੰਤੀ ਤੇ ਸੰਘ ਵੂਪਸਮੂਹ ਸੁੱਖੋ

ਸਾਰੇ ਸੰਖਾਰ ਅਨਿਤ ਭਾਵ ਝੂਠ ਹਨ, ਜਿਸ ਨੇ ਜਨਮ ਲਿਆ ਉਸ ਦਾ ਅੰਤ ਵੀ ਹੋਣਾ ਹੈ ਅਤੇ ਜੋ ਕੋਈ ਮਨੁਖ ਇਸ ਸੱਚ ਨੂੰ ਜਾਣ ਲੈਂਦਾ ਹੈ ਉਹ ਆਪਣੇ ਦੁੱਖਾ ਤੋਂ ਮੁਕਤੀ ਪਾ ਸਕਦਾ ਹੈ।

ਭਵਤੂ ਸਭ ਮੰਗਲੰ .... ਸਾਧੂ ਸਾਧੂ ਸਾਧੂ






# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE).

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders).

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... - £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... - £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... - £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) --£49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... -£59
ਨੁਸਖਾ ਨੰਬਰ 9 (IN CAPSULES): ... - £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) --- ... | £19 |
| CHILLAGA | (IN OINTMENT OR LOTION) --- ... | £19 |
| ARNSTRA | (IN OINTMENT) ------ ... (BED SORES) ... | £19 |
| BELINFLA | (IN OIL OR OINTMENT) --- ... | £19 |
| BELULCE | (IN OIL) ---- ... ULCERS ... | £19 |
| BRYJOIN | (IN OIL) --- ... | £19 |
| CALWOUN | (IN OIL OR OINTMENT) --- ... | £19 |
| BURCAN | (IN LOTION OR OINTMENT) --- ... | £19 |
| ROUTUM | (IN OINTMENT) - ... | £19 |
| JOINRHU | (IN OIL) - ... | £19 |
| ABSSIL | (IN LOTION) - ... | £19 |
| ITCSUL | (IN OIL) ---- ... | £19 |
| WARTHU | (IN OIL) - ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਬੁੱਧ ਗਯਾ ਮੁਕਤੀ ਅੰਦੋਲਨ ਦੇ ਤਹਿਤ ਬੁੱਧਿਸ਼ਟ ਭਾਈਚਾਰੇ ਵੱਲੋਂ ਡਾ. ਅੰਬੇਡਕਰ ਚੌਂਕ ਜਲੰਧਰ ਵਿਖੇ ਧਰਨਾ ਦਿੱਤਾ ਗਿਆ

**ਜਲੰਧਰ, (ਪਰਮਜੀਤ ਜੱਸਲ)–** ਅੱਜ ਬੁੱਧਿਸ਼ਟ ਭਾਈਚਾਰੇ ਦੇ ਨੁਮਾਇੰਦਿਆਂ, ਅੰਬੇਡਕਰੀ ਅਤੇ ਬੁੱਧੀਜੀਵੀਆਂ ਵੱਲੋਂ ਬੋਧ ਗਯਾ ਮੁਕਤੀ ਅੰਦੋਲਨ ਨੂੰ ਸਫਲ ਬਣਾਉਣ ਲਈ ਡਾਕਟਰ ਅੰਬੇਡਕਰ ਚੌਂਕ ਜਲੰਧਰ ਵਿਖੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਭਿਖਸ਼ੂ ਚੰਦਰ ਕੀਰਤੀ ਅਤੇ ਭਿਖਸ਼ੂ ਰੇਵਤ ਨਕੋਦਰ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਬੋਧ ਗਯਾ ਮੰਦਿਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ। ਯਾਦ ਰਹੇ ਕਿ ਇਸ ਸਬੰਧ ਵਿੱਚ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਅਤੇ ਭਿਖਸ਼ੂ ਸੰਘ ਦੀ ਅਗਵਾਈ ਵਿੱਚ 12 ਫਰਵਰੀ 2025 ਤੋਂ ਲਗਾਤਾਰ ਧਰਨਾ ਬੋਧ ਗਯਾ ਮੰਦਰ ਮਹਾਬੁੱਧ ਵਿਹਾਰ,(ਬਿਹਾਰ) ਦੇ ਨਜ਼ਦੀਕ ਦਿੱਤਾ ਜਾ ਰਿਹਾ ਹੈ। ਬੁੱਧ ਵਿਹਾਰ ਟਰੱਸਟ (ਰਜਿ.)ਸੋਫੀ ਪਿੰਡ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਭਿਖਸ਼ੂ ਸੰਘ ਅਤੇ ਆਲ ਇੰਡੀਆ ਬੁੱਧਿਸਟ ਸੁਸਾਇਟੀ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਦਾ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੋਵੇਗਾ, ਜੋ ਸਾਡੇ ਹੱਕਾਂ ਲਈ ਜੂਝ ਰਹੇ ਹਨ। ਕੇਂਦਰ ਸਰਕਾਰ ਨੂੰ ਅਤੇ ਬਿਹਾਰ ਦੀ ਸਰਕਾਰ ਨੂੰ ਉਪਰੋਤਕ ਮਸਲੇ ਦਾ ਹੱਲ ਤੁਰੰਤ ਕੱਢਣਾ ਚਾਹੀਦਾ ਹੈ। ਸ੍ਰੀ ਸਾਂਪਲਾ ਜੀ ਨੇ ਕਿਹਾ ਕਿ ਬੋਧ ਗਯਾ ਮੁਕਤੀ ਅੰਦੋਲਨ ਦੇ ਤਹਿਤ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿੱਚ ਵੀ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਅਸ਼ਵਨੀ ਕੁਮਾਰ ਬਲਾਚੌਰ ਬਾਮਸੇਫ ਮਿਸ਼ਨਰੀ ਸਾਥੀ ਨੇ ਕਿਹਾ ਕਿ ਤਥਾਗਤ ਬੁੱਧ ਨੇ ਪ੍ਰੇਮ ਅਤੇ ਸ਼ਾਂਤੀ ਦਾ ਸੰਦੇਸ਼ ਵਿਸ਼ਵ ਦੇ ਲੋਕਾਂ ਨੂੰ ਦਿੱਤਾ ਹੈ। ਜਿਸ ਨੂੰ ਅਜੋਕੇ ਸਮੇਂ ਵਿੱਚ ਅਪਣਾਉਣ ਦੀ ਵੱਡੀ ਲੋੜ ਹੈ। ਬੋਧੀ ਆਗੂ ਸ੍ਰੀ ਹੁਸਨ ਲਾਲ ਬੌਧ ਪ੍ਰਧਾਨ ਭਾਰਤੀਆਂ ਬੋਧ ਮਹਾਂਸਭਾ (ਰਜਿ) ਪੰਜਾਬ ਬੁੱਧਿਸ਼ਟ ਨੇ ਕਿਹਾ ਕਿ ਤਥਾਗਤ ਬੁੱਧ ਨੇ ਸਾਨੂੰ ਪੰਚਸ਼ੀਲ ਦਿੱਤੇ ਹਨ। ਜਿਸ ਨੂੰ ਗ੍ਰਹਿਣ ਕਰਨ ਨਾਲ ਮਨੁੱਖਤਾ ਵਿੱਚ ਸਮਾਨਤਾ, ਸੁਤੰਤਰਤਾ ਤੇ ਭਾਈਚਾਰਾ ਕਾਇਮ ਹੁੰਦਾ ਹੈ। ਰਮੇਸ਼ ਕੌਲ ਫਗਵਾੜਾ ਐਕਸ ਐਮ.ਸੀ. ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਘੱਟ ਗਿਣਤੀ ਕਮਿਸ਼ਨ ਵਿੱਚ ਬੋਧੀਆਂ ਦੇ ਇਕ ਨੁਮਾਇੰਦੇ ਨੂੰ ਸ਼ਾਮਿਲ ਕੀਤਾ ਜਾਵੇ। ਉਹਨਾਂ ਕਿਹਾ ਕਿ ਤਥਾਗਤ ਬੁੱਧ ਇੱਕ ਐਸੇ ਮਹਾਂਪੁਰਸ਼ ਹਨ ,ਜਿਨਾਂ ਨੇ ਵਿਸ਼ਵ ਦੀ ਮਨੁੱਖਤਾ ਨੂੰ ਅਹਿੰਸਾ ਅਤੇ ਸ਼ਾਂਤੀ ਦਾ ਉਪਦੇਸ਼ ਦਿੱਤਾ। ਔਰਤਾਂ ਨੂੰ ਵੀ ਬਰਾ-ਬਰਤਾ ਦੇ ਕੇ ਆਪਣੇ ਸੰਘ ਵਿੱਚ ਸ਼ਾਮਿਲ ਕੀਤਾ। ਸੁਰੇਸ਼ ਕੁਮਾਰ ਬੋਧ, ਜੀ ਨੇ ਕਿਹਾ ਕਿ ਸਾਨੂੰ ਬਹੁਜਨ ਮਹਾਂਪੁਰਸ਼ਾਂ– ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਅਤੇ ਸਿੱਖਿਆਵਾਂ ਨੂੰ ਆਪਣੀ ਜਿੰਦਗੀ ਵਿੱਚ ਅਪਣਾਉਣਾ ਚਾਹੀਦਾ ਹੈ। ਜਿਸ ਨਾਲ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦਾ ਸੰਦੇਸ਼ ਘਰ - ਘਰ ਜਾਂਦਾ ਹੈ। ਇਹ ਧਰਨਾ ਬੜੀ ਸ਼ਾਂਤਮਈ ਢੰਗ ਨਾਲ







ਦਿੱਤਾ ਗਿਆ। ਇਸ ਧਰਨੇ ਵਿੱਚ ਸੀਤਾ ਕੌਲ ਸਾਬਕਾ ਐਮ.ਸੀ. ਫਗਵਾੜਾ,ਚੰਚਲ ਬੌਧ ਸਿਧਾਰਥ ਨਗਰ,ਮੁੰਨਾ ਲਾਲ ਬੌਧ, ਐਡਵੋਕੇਟ ਦੀਪਕ ਕੁਮਾਰ , ਪ੍ਰਸ਼ੋਤਮ ਲਾਲ ਜੇਤਵੰਨ ਬੁੱਧ ਵਿਹਾਰ ਨਕੋਦਰ,ਹਰਭਜਨ ਲਾਲ ਨਿਮਤਾ , ਪ੍ਰਿੰਸੀਪਲ ਪਰਮਜੀਤ ਜੱਸਲ,ਗੌਤਮ ਬੋਧ, ਨਰਿੰਦਰ ਬੌਧ , ਰਜਿੰਦਰ ਕੁਮਾਰ ਜੱਸਲ ਅਤੇ ਚਮਨ ਸਾਂਪਲਾ ਅਤੇ ਹੋਰ ਬਹੁਤ ਸਾਰੇ ਆਗੂਆਂ ਨੇ ਵੀ ਸੰਬੋਧਨ ਕੀਤਾ। ਇਹਨਾਂ ਤੋਂ ਇਲਾਵਾ ਰਮੇਸ਼ ਬੰਗੜ, ਤੇਜਪ-ਾਲ ਸਿੰਘ ਕਪੂਰਥਲਾ ਆਰ.ਸੀ.ਐਫ., ਗੁਰਮੀਤ ਸਾਂਪਲਾ,ਡਾ. ਸਤਪਾਲ , ਵਿੱਕੀ, ਲਵ ਗੌਤਮ, ਵਿਜੇ ਕੁਮਾਰ ਬੋਧੀ , ਸੰਦੀਪ ਕੁਮਾਰ, ਜਤਿੰਦਰ ਕੁਮਾਰ, ਮਨਜੀਤ ਸਿੰਘ, ਮੇਹਰ ਚੰਦ, ਐਡਵੋਕੇਟ ਰਾਜ ਕੁਮਾਰ ਬੈਂਸ, ਰਾਮ ਖੇਲਾਵਨ ਲਾਲ ਆਰ.ਸੀ.ਐਫ. ਕਪੂਰਥਲਾ, ਮੁਲਖ ਰਾਜ ਆਦਿ ਧਰਨੇ ਵਿੱਚ ਸ਼ਾਮਿਲ ਸਨ ।

# ਕਬੱਡੀ ਕੋਚ ਬਿੱਟੂ ਭੋਲੇਵਾਲ ਦਾ ਆਈਫੋਨ 16 ਨਾਲ ਸਨਮਾਨ







**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਕਬੱਡੀ ਪ੍ਰੋਮੋਟਰ ਮਨਜੀਤ ਢੀਂਡਸਾ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਬੀ ਸੀ ਯੂਨਾਈਟਿਡ ਕਬੱਡੀ ਫੈਡਰੇਸ਼ਨ ਅਜ਼ਾਦ ਪੰਜਾਬ ਕੇਸਰੀ ਕਬੱਡੀ ਕਲੱਬ ਵਲੋ ਕਰਵਾਏ ਗਏ ਕਬੱਡੀ ਟੂਰਨਾਮੈਂਟ ਜੋ ਕਿ ਮਿਤੀ 29 ਜੂਨ 2025 ਦਿਨ ਐਤਵਾਰ ਸਟ੍ਰੀਟ ਸਰੀ ਬੀਸੀ ਵਿਖੇ ਹੋਇਆ । ਇਸ ਟੂਰਨਾਮੈਂਟ ਵਿੱਚ ਕਬੱਡੀ ਕੋਚ ਬਿੱਟੂ ਭੋਲੇਵਾਲ ਨੂੰ ਸਨਮਾਨ ਦਿੱਤਾ ਗਿਆ । ਪਰੰਤੂ ਕਿਸੇ ਕਾਰਨ ਕਰਕੇ ਉਹ ਉਥੇ ਹਾਜ਼ਰ ਨਾ ਹੋਏ ਇਸ ਲਈ ਓਹਨਾ ਦੀ ਜਗ੍ਹਾ ਓਹਨਾ ਦਾ ਸਨਮਾਨ ਰਵੀ ਨੂੰ ਦਿੱਤਾ ਗਿਆ । ਇਸ ਕਬੱਡੀ ਟੂਰਨਾਮੈਂਟ ਦਾ ਪੂਰਾ ਆਯੋਜਨ ਕੀਤਾ ਗਿਆ ਕਬੱਡੀ ਪ੍ਰੋਮੋਟਰ ਮਨਜੀਤ ਢੀਂਡਸਾ , ਕਬੱਡੀ ਪ੍ਰੋਮੋਟਰ ਭੋਲਾ ਸੰਧੂ, ਕਬੱਡੀ ਪ੍ਰੋਮੋਟਰ ਜੱਸ ਔਜਲਾ , ਕਬੱਡੀ ਪ੍ਰੋਮੋਟਰ ਅਵਤਾਰ ਢੇਸੀ , ਕਬੱਡੀ ਪ੍ਰੋਮੋਟਰ ਜੈਲਾ ਧੂਕੋਟੀਆ , ਕਬੱਡੀ ਪ੍ਰੋਮੋਟਰ ਨਾਝਰ ਸੰਧੂ, ਕਬੱਡੀ ਪ੍ਰੋਮੋਟਰ ਬੱਲੀ ਮਹੇੜੂ ਯੂ ਐਸ ਏ ਮਨਰਾਜ ਬੈਂਸ ਕੱਬਡੀ ਪ੍ਰੋਮੋਟਰ।

# ਸ਼੍ਰੋਮਣੀ ਪੁਰਸਕਾਰ ਲੇਖ ਲੜੀ-6

## 2020 ਦੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਸਮੇਂ ਸਕਰੀਨਿੰਗ ਕਮੇਟੀ ਦਾ ਬੇਖੌਫ ਪੱਖਪਾਤ


ਮਿੱਤਰ ਸੈਨ ਮੀਤ

ਸਕਰੀਨਿੰਗ ਕਮੇਟੀ ਦੇ ਸਾਰੇ ਮੈਂਬਰ ਸਲਾਹਕਾਰ ਬੋਰਡ ਦੇ ਮੈਂਬਰਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ। ਭਾਸ਼ਾ ਵਿਭਾਗ ਅਨੁਸਾਰ, ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂਵਾਂ ਦੀ ਸਿਫਾਰਸ਼ ਸਲਾਹਕਾਰ ਬੋਰਡ ਦੇ ਮੈਂਬਰਾਂ ਵਲੋਂ ਕੀਤੀ ਜਾਂਦੀ ਹੈ। ਸਿਫਾਰਸ਼ੀ ਜੇ ਸਕਰੀਨਿੰਗ ਕਮੇਟੀ ਦਾ ਮੈਂਬਰ ਵੀ ਹੋਵੇ ਤਾਂ ਉਸਦਾ ਝੁਕਾਅ ਆਪਣੇ ਵਲੋਂ ਸੁਝਾਏ ਨਾਂਵਾਂ ਵੱਲ ਹੋਣਾ ਕੁਦਰਤੀ ਹੈ। ਕਮੇਟੀ ਵਿਚਲੇ ਆਪਣੇ ਰਸੂਖ ਦੀ ਵਰਤੋਂ ਕਰਕੇ, ਜਾਂ ਇਕ ਦੂਜੇ ਮੈਂਬਰਾਂ ਨਾਲ ਸਮਝੌਤਾ ਕਰਕੇ, ਉਹ ਆਪਣੀ ਪਸੰਦ ਦੇ ਨਾਂਵਾਂ ਨੂੰ ਪੈਨਲਾਂ ਵਿਚ ਵੀ ਪਵਾਏਗਾ। ਇਕ ਨਹੀਂ, ਇੰਝ ਕਮੇਟੀ ਦੇ ਸਾਰੇ ਮੈਂਬਰ ਕਰਨਗੇ। ਇਥੇ ਹੀ ਬਸ ਨਹੀਂ। ਪੈਨਲਾਂ ਵਿਚੋਂ ਇਕ ਨਾਂ ਚੁਨਣ ਲਈ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਵੀ ਉਹ, ਬੋਰਡ ਦੇ ਮੈਂਬਰ ਵਜੋਂ ਹਾਜਰ ਹੋਣਗੇ। ਉਥੇ ਵੀ ਉਨ੍ਹਾਂ ਦੀ ਤੂਤੀ ਬੋਲੇਗੀ। ਆਪਣੇ ਪਸੰਦਦੀਦਾ ਨਾਂ ਨੂੰ ਉਹ ਚੋਣ ਵਾਲੀ ਪੌੜੀ ਦੇ ਆਖਰੀ ਟੰਬਾ ਤੇ ਚੜਾ ਕੇ ਹੀ ਦਮ ਲੈਣਗੇ।

ਅਜਿਹੀਆਂ ਮੁੱਢਲੀਆਂ ਕਮਜੋਰੀਆਂ ਅਤੇ ਪੱਖਪਾਤ ਦੀਆਂ ਸੰਭਾਵਨਾਵਾਂ ਕਾਰਨ ਕਮੇਟੀ ਦਾ ਗਠਨ ਗੈਰ-ਕਾਨੂੰਨੀ ਤਾਂ ਹੈ ਹੀ, ਇਹ ਅਨੈਤਿਕ ਵੀ ਹੈ।

ਵਰਤਮਾਣ ਚੋਣ ਪ੍ਰਕ੍ਰਿਆ ਵਿਚ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਸੁਝਾਏ ਗਏ ਨਾਂਵਾਂ ਵਿਚੋਂ, ਯੋਗ ਉਮੀਦਵਾਰਾਂ ਦੇ ਨਾਂ ਛਾਂਟ ਕੇ, ਹਰ ਸ਼੍ਰੇਣੀ ਲਈ ਵੱਖਰਾ ਪੈਨਲ ਬਣਾਉਣ ਦੀ ਜ਼ਿੰਮੇਵਾਰੀ ਸਕਰੀਨਿੰਗ ਕਮੇਟੀ ਦੀ ਹੁੰਦੀ ਹੈ। ਕਮੇਟੀ ਗਠਨ ਕਰਨ ਵਾਲਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਕਰੀਨਿੰਗ ਕਮੇਟੀ ਵਿਚ ਚਾਰੇ ਭਾਸ਼ਾਵਾਂ ਅਤੇ ਪੁਰਸਕਾਰਾਂ ਦੀਆਂ ਬਾਕੀ ਸ਼੍ਰੇਣੀਆਂ ਦੇ ਮਾਹਿਰ ਸ਼ਾਮਲ ਹੋਣ ਤਾਂ ਜੋ ਚੋਣ ਸਹੀ ਹੋ ਸਕੇ।

ਇਸ ਵਾਰ ਸਲਾਹਕਾਰ ਬੋਰਡ ਦਾ ਗਠਨ ਹੋਣ ਬਾਅਦ ਭਾਸ਼ਾ ਵਿਭਾਗ ਵੱਲੋਂ, ਇਸ ਕਮੇਟੀ ਦੇ ਗਠਨ ਲਈ ਪੰਜਾਬ ਸਰਕਾਰ ਨੂੰ (11 ਅਗਸਤ 2020 ਨੂੰ) 13 ਨਾਂਵਾਂ ਦੀ ਸੂਚੀ ਭੇਜੀ ਗਈ। ਪੰਜਾਬ ਸਰਕਾਰ ਨੇ ਇਨ੍ਹਾਂ ਨਾਂਵਾਂ ਵਿਚੋਂ ਚਾਰ ਨਾਂ (ਡਾ.ਜਸਬੀਰ ਸਿੰਘ ਸਾਬਰ, ਸ਼੍ਰੀ ਹਰਦੀਪ ਸਿੰਘ, ਡਾ.ਸੇਵਾ ਸਿੰਘ, ਸ.ਹਰਕਮਲਜੀਤ ਸਿੰਘ) ਕੱਟ ਕੇ ਪੰਜ ਨਵੇਂ ਨਾਂ (ਡਾ.ਜੋਗਾ ਸਿੰਘ, ਪੰਮੀ ਬਾਈ, ਅਨਿਲ ਧੀਮਾਨ, ਡਾ.ਸਵਰਾਜਬੀਰ ਸਿੰਘ, ਡਾ.ਮੇਘਾ ਸਿੰਘ) ਪਾ ਕੇ ਇਸ ਕਮੇਟੀ ਨੂੰ ਅੰਤਿਮ ਰੂਪ ਦੇ ਦਿੱਤਾ। ਕਮੇਟੀ ਦੇ ਗਠਨ ਦੀ ਅਧਿਸੂਚਨਾ (15 ਸਤੰਬਰ 2020 ਨੂੰ) ਸਰਕਾਰੀ ਗਜ਼ਟ ਵਿਚ ਛਪ ਗਈ। ਇਸ ਸਮੇਂ ਕਮੇਟੀ ਦੇ 14 ਮੈਂਬਰ (ਸ਼੍ਰੀ ਦਰਸ਼ਨ ਬੁੱਟਰ, ਡਾ.ਸੁਰਜੀਤ ਪਾਤਰ, ਡਾ.ਜੋਗਾ ਸਿੰਘ, ਸ਼੍ਰੀ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ, ਸ਼੍ਰੀ ਅਨਿਲ ਧੀਮਾਨ, ਸਰਦਾਰ ਪੰਛੀ, ਡਾ.ਵਰਿੰਦਰ ਕੁਮਾਰ, ਸ਼੍ਰੀ ਕੇਵਲ ਧਾਲੀਵਾਲ, ਡਾ.ਸੁਰਜੀਤ ਲੀ, ਡਾ.ਦੀਪਕ ਮਨਮੋਹਨ ਸਿੰਘ, ਡਾ.ਮਨਮੋਹਨ ਸਿੰਘ ਦਾਊਂ, ਸ.ਤੀਰਥ ਸਿੰਘ ਢਿੱਲੋਂ, ਡਾ.ਮੇਘਾ ਸਿੰਘ ਅਤੇ ਡਾ.ਸਵਰਾਜਬੀਰ ਸਿੰਘ) ਹਨ। 15ਵੇਂ ਡਾਇਰੈਕਟਰ ਭਾਸ਼ਾ ਵਿਭਾਗ ਕਮੇਟੀ ਦੇ ਚੇਅਰਮੈਨ/ਕਨਵੀਨਰ ਹਨ।

ਇਸ ਕਮੇਟੀ ਦੀ ਪਹਿਲੀ ਕਮਜ਼ੋਰੀ ਇਹ ਸੀ ਕਿ ਇਸ ਵਿਚ 'ਸਾਹਿਤਕ ਪੱਤਰਕਾਰ' ਅਤੇ 'ਫਿਲਮ/ਟੈਲੀਵੀਜ਼ਨ' ਸ਼੍ਰੇਣੀ ਦੇ ਮਾਹਿਰਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। 3 ਜੂਨ ਨੂੰ ਗਠਤ ਹੋਏ ਸਲਾਹਕਾਰ ਬੋਰਡ ਵਿਚ ਇਨ੍ਹਾਂ ਸ਼੍ਰੇਣੀਆਂ ਦੇ ਨੁਮਾਇੰਦੇ ਸ਼ਾਮਲ ਨਹੀਂ ਸਨ। ਇਹ ਘਾਟ ਮਹਿਸੂਸ ਕਰਦੇ ਹੋਏ, ਇਨ੍ਹਾਂ ਸ਼੍ਰੇਣੀਆਂ ਦੇ ਨੁਮਾਇੰਦੇ ਬਾਅਦ ਵਿਚ ਸਲਾਹਕਾਰ ਬੋਰਡ ਵਿਚ ਸ਼ਾਮਲ ਕੀਤੇ ਗਏ ਸਨ।

ਸਲਾਹਾਕਾਰ ਬੋਰਡ ਦੇ ਮੈਂਬਰ,ਪ੍ਰੋ. ਚਮਨ ਲਾਲ ਨੂੰ ਸਕਰੀਨਿੰਗ ਕਮੇਟੀ ਦੇ ਗਠਨ ਅਤੇ ਮੈਂਬਰਾਂ ਦੀ ਯੋਗਤਾ, ਦੋਵਾਂ ਤੇ ਇਤਰਾਜ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਮੇਟੀ ਵਿੱਚ ਸੀਨੀਅਰ ਮੈਂਬਰਾਂ (ਪ੍ਰੋ. ਚਮਨ ਲਾਲ ਵਰਗੇ) ਦੀ ਥਾਂ ਜੂਨੀਅਰ ਅਤੇ ਘੱਟ ਤਜ਼ਰਬੇਕਾਰ ਮੈਂਬਰ (ਅਨਿਲ ਧੀਮਾਨ ਵਰਗੇ) ਨਿਯੁਕਤ ਕੀਤੇ ਗਏ। ਉਨ੍ਹਾਂ ਨੇ ਆਪਣਾ ਇਹ ਵਿਚਾਰ, ਆਪਣੀ ਭਾਸ਼ਾ ਮੰਤਰੀ ਨੂੰ ਲਿਖੀ ਉਸ ਚਿੱਠੀ ਵਿਚ ਪਰਗਟਾਇਆ ਜਿਸ ਵਿਚ ਉਨ੍ਹਾਂ ਨੇ ਇਸ ਚੋਣ ਪ੍ਰਕ੍ਰਿਆ ਵਿਚ ਸ਼ਾਮਲ ਸਾਰੀਆਂ ਧਿਰਾਂ (ਭਾਸ਼ਾ ਵਿਭਾਗ, ਸਕਰੀਨਿੰਗ ਕਮੇਟੀ, ਸਲਾਹਕ-ਾਰ ਬੋਰਡ) ਦੇ ਪੱਖਪਾਤੀ ਵਿਵਹਾਰ ਤੇ ਕਿੰਤੂ ਕੀਤਾ ਹੈ। ਉਨ੍ਹਾਂ ਅਨੁਸਾਰ:

'... ਮੈਨੂੰ ਇਨਾਮਾਂ ਦੀ ਚੋਣ ਲਈ ਬਣਾਈ ਸਕਰੀਨਿੰਗ ਕਮੇਟੀ ਵਿੱਚ ਸ਼ਾਮਿਲ ਨਾ ਕਰਕੇ ਇੱਕ ਅਜਿਹੇ ਮੈਂਬਰ ਨੂੰ ਸ਼ਾਮਿਲ ਕੀਤਾ ਗਿਆ, ਜਿਸ ਨੂੰ ਨਾ ਹਿੰਦੀ ਲੇਖਕਾਂ ਅਤੇ ਨਾ ਹਿੰਦੀ ਵਿਦਵਾਨਾਂ ਵਿੱਚੋਂ ਕੋਈ ਜਾਣਦਾ ਹੈ। ਜੋ ਅਹੁਦੇ ਵਿੱਚ ਵੀ ਹਿੰਦੀ ਦੇ ਦੂਸਰੇ ਦੋਨਾਂ ਮੈਂਬਰਾਂ ਤੋਂ ਕਿਤੇ ਜੂਨੀਅਰ ਹੈ। ਡਾ੦ ਸੇਵਾ ਸਿੰਘ ਅਤੇ ਮੈਂ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਅਤੇ ਵਿਭਾਗੀ ਮੁਖੀ ਰਹੇ ਹਾਂ। ਮੈਂ ਡੀਨ ਵੀ ਰਿਹਾ। ਮੈਨੂੰ ਕੌਮੀ ਅਤੇ ਸਟੇਟ ਇਨਾਮ ਵੀ ਮਿਲੇ ਹੋਏ ਹਨ। ਸਾਡੇ ਦੋਵਾਂ ਦੀ ਅਣਦੇਖੀ ਕਰਕੇ ਇਹਨਾਂ (ਭਾਵ ਉਨ੍ਹਾਂ ਅਤੇ ਸੇਵਾ ਸਿੰਘ) ਪ੍ਰੋਫੈਸਰਾਂ ਦੇ ਇੱਕ ਵਿਦਿਆਰਥੀ ਨੂੰ ਨਾਮਜ਼ਦ ਕਰ ਦਿੱਤਾ ਗਿਆ।...'

ਜਦੋਂ ਕਿਸੇ ਅਧਿਕਾਰੀ ਜਾਂ ਸੰਸਥਾਂ ਨੇ ਕਿਸੇ ਦੂਸਰੇ ਵਿਅਕਤੀ ਦੇ ਕਿਸੇ ਅਧਿਕਾਰ ਬਾਰੇ ਫੈਸਲਾ ਕਰਨਾ ਹੋਵੇ ਤਾਂ ਕਾਨੂੰਨ ਮੰਗ ਕਰਦਾ ਹੈ ਕਿ ਉਹ ਅਧਿਕਾਰੀ ਕੀਤੇ ਗਏ ਫੈਸਲੇ ਦੇ ਕਾਰਨ, ਲਿਖਤੀ ਰੂਪ ਵਿੱਚ ਦਰਜ ਕਰੇ। ਅਧਾਰ ਭਾਵੇਂ ਸੰਖੇਪ ਵਿੱਚ ਹੀ ਹੋਣ ਪਰ ਦਰਜ ਜਰੂਰ ਹੋਣ। ਸਕਰੀਨਿੰਗ ਕਮੇਟੀ ਨੇ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਲਈ ਸੁਝਾਈ ਹਰ ਸ਼ਖਸ਼ੀਅਤ ਦੇ ਇਕ ਮਹੱਤਵਪੂਰਣ ਹੱਕ, ਉਸਦੇ ਪੁਰਸਕਾਰ ਪ੍ਰਾਪਤ ਕਰਨ ਦੇ ਯੋਗ ਹੋਣ ਜਾਂ ਨਾ ਹੋਣ, ਬਾਰੇ ਫੈਸਲਾ ਕਰਨਾ ਸੀ। ਪੁਰਸਕਾਰ ਲਈ ਚੁਣੇ ਗਏ ਵਿਅਕਤੀ ਨੂੰ, ਸਰਕਾਰੀ ਮਾਣ—ਸਨਮਾਨ ਦੇ ਨਾਲ ਨਾਲ, 5 ਲੱਖ (ਜਾਂ 10 ਲੱਖ) ਰੁਪਏ ਦੀ ਵੱਡੀ ਰਾਸ਼ੀ ਵੀ ਮਿਲਣੀ ਸੀ। ਅਯੋਗ ਠਹਿਰਾਏ ਗਏ ਵਿਅਕਤੀ ਨੇ ਇਸ ਹੱਕ ਤੋਂ ਵਾਂਝਾ ਹੋ ਜਾਣਾ ਸੀ। ਇਸ ਲਈ ਕਮੇਟੀ ਦਾ ਫਰਜ ਸੀ ਕਿ ਉਹ ਇਸ ਨਿਯਮ ਦੀ ਸਖਤੀ ਨਾਲ ਪਾਲਨਾ ਕਰਦੀ ਅਤੇ ਹਰ ਵਿਚਾਰੇ ਗਏ ਵਿਅਕਤੀ ਦੀ ਯੋਗਤਾ ਬਾਰੇ ਲਿਖਤੀ ਟਿੱਪਣੀ ਕਰਦੀ।

ਸਕਰੀਨਿੰਗ ਕਮੇਟੀ ਦੀ ਮੀਟਿੰਗ 01 ਦਸੰਬਰ 2020 ਨੂੰ ਡਾਇਰੈਕਟਰ ਭਾਸ਼ਾ ਵਿਭਾਗ ਦੇ ਦਫ਼ਤਰ ਵਿਚ ਹੋਈ। ਮੀਟਿੰਗ ਸਵੇਰੇ 11:00 ਵਜੇ ਸ਼ੁਰੂ ਹੋਈ। 14 ਮੈਂਬਰਾਂ ਵਿਚੋਂ 12 ਮੈਂਬਰ ਮੀਟਿੰਗ ਵਿਚ ਹਾਜ਼ਰ ਹੋਏ। ਡਾ.ਸਵਰਾਜਬੀਰ ਸਿੰਘ ਅਤੇ ਮੇਘਾ ਸਿੰਘ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਇਸ ਕਮੇਟੀ ਦਾ ਮੁੱਖ ਕਾਰਜ, ਭਾਸ਼ਾ ਵਿਭਾਗ ਵੱਲੋਂ ਸੁਝਾਏ ਗਏ ਨਾਂਵਾਂ ਵਿਚੋਂ ਪੁਰਸਕਾਰਾਂ ਦੀ ਹਰ ਸ਼੍ਰੇਣੀ ਲਈ ਯੋਗ ਉਮੀਦਵਾਰਾਂ ਨੂੰ ਛਾਂਟਣਾ ਸੀ। ਪੁਰਸਕਾਰਾਂ ਦੀਆਂ 18 ਸ਼੍ਰੇਣੀਆਂ ਹਨ। ਪੁਰਸਕਾਰ ਪਿਛਲੇ ਛੇ ਸਾਲਾਂ ਦੇ ਬਕਾਇਆ ਸਨ। ਇਸ ਤਰ੍ਹਾਂ ਸਕਰੀਨਿੰਗ ਕਮੇਟੀ ਨੇ ਯੋਗ ਉਮੀਦਵਾਰਾਂ ਦੇ 108 ਪੈਨਲ ਤਿਆਰ ਕਰਨੇ ਸਨ। ਭਾਸ਼ਾ ਵਿਭਾਗ ਵੱਲੋਂ ਸਾਰੇ ਪੁਰਸਕਾਰਾਂ ਲਈ ਕਰੀਬ 540 ਨਾਂ ਸੁਝਾਏ ਗਏ ਸਨ। ਕਮੇਟੀ ਨੇ ਇਨ੍ਹਾਂ ਵਿਚੋਂ 324 ਦੇ ਕਰੀਬ ਨਾਂਵਾਂ ਦੀ ਛਾਂਟੀ ਕਰਨੀ ਸੀ। ਇਸ ਤਰ੍ਹਾਂ ਕਮੇਟੀ ਨੇ ਪਹਾੜ ਜਿੱਡਾ ਕਾਰਜ ਥੋੜੇ ਜਿਹੇ ਸਮੇਂ ਵਿਚ ਨੇਪਰੇ ਚਾੜਨਾ ਸੀ।

ਕਮੇਟੀ ਨੇ 14 ਸ਼੍ਰੇਣੀਆਂ ਲਈ ਬਣਾਏ ਪੈਨਲਾਂ ਵਿਚ ਤਿੰਨ-ਤਿੰਨ ਨਾਂ ਸ਼ਾਮਲ ਕੀਤੇ। ਚਾਰ ਸ਼੍ਰੇਣੀਆਂ (ਰਾਗੀ, ਢਾਡੀ, ਉਰਦੂ ਅਤੇ ਗਾਇਕ) ਦੇ ਪੈਨਲਾਂ ਵਿਚ ਕੇਵਲ ਦੋ-ਦੋ। ਇਸ ਤਰ੍ਹਾਂ ਸਕਰੀਨਿੰਗ ਕਮੇਟੀ ਵਲੋਂ ਪੈਨਲਾਂ ਵਿਚ 300 ਨਾਂ ਸ਼ਾਮਲ ਕੀਤੇ ਗਏ ਅਤੇ ਕਰੀਬ ਇੰਨੇ ਹੀ ਰੱਦ ਕੀਤੇ। ਆਪਣੀ ਜਿੰਮੇਵਾਰੀ ਨਿਭਾਉਂਦੇ ਸਮੇਂ ਸਕਰੀਨਿੰਗ ਕਮੇਟੀ ਵਲੋਂ ਜੋ ਪ੍ਰਕ੍ਰਿਆ ਅਪਣਾਈ ਗਈ ਉਸ ਕਾਰਨ ਕਮੇਟੀ ਦੀ ਨਿਰਪੱਖਤਾ ਤੇ ਬੀਸੀਆਂ ਪ੍ਰਸ਼ਨ ਉੱਠ ਰਹੇ ਹਨ। ਉਨ੍ਹਾਂ ਵਿਚੋਂ ਕੁੱਝ ਦਾ ਜ਼ਿਕਰ ਕਰਨਾ ਜਰੂਰੀ ਹੈ।

ਸਕਰੀਨਿੰਗ ਕਮੇਟੀ ਵੱਲੋਂ ਭਾਸ਼ਾ ਵਿਭਾਗ ਵੱਲੋਂ ਸੁਝਾਏ ਗਏ ਨਾਂਵਾਂ ਵਿਚੋਂ ਕਰੀਬ 260 ਨਾਂ ਪੈਨਲਾਂ ਵਿਚ ਸ਼ਾਮਲ ਕਰਨ ਦੇ ਯੋਗ ਨਹੀਂ ਸਮਝੇ ਗਏ। ਇਨ੍ਹਾਂ ਨਾਂਵਾਂ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਦਿੱਗਜ ਅਜੀਤ ਕੌਰ, ਸਰਦਾਰਾ ਸਿੰਘ ਜੌਹਲ, ਪ੍ਰੇਮ ਗੋਰਖੀ, ਬਲਬੀਰ ਮਾਧੋਪੁਰੀ, ਦੇਵ ਥਰੀਕੇ ਵਾਲਾ, ਬਚਿੰਤ ਕੌਰ, ਰਾਣੀ ਬਲਬੀਰ ਕੌਰ, ਰਾਣਾ ਰਣਬੀਰ ਅਤੇ ਡਾ.ਸਤਿੰਦਰ ਸਰਤਾਜ ਵੀ ਸ਼ਾਮਲ ਹਨ। ਆਪਣੀ ਚੋਣ ਨੂੰ ਨਿਰਪੱਖ ਅਤੇ ਤਰਕਸੰਗਤ ਸਿੱਧ ਕਰਨ ਲਈ ਕਮੇਟੀ ਨੂੰ ਚਾਹੀਦਾ ਸੀ ਕਿ ਘੱਟੋ ਘੱਟ ਇਨ੍ਹਾਂ ਅਤੇ ਅਜਿਹੀਆਂ ਹੋਰ ਅਜਹਿਆਂ ਬੀਸੀਆਂ ਸ਼ਖਸ਼ੀਅਤਾਂ ਨੂੰ ਪੈਨਲਾਂ ਵਿਚ ਸ਼ਾਮਲ ਨਾਂ ਕਰਨ ਦੇ ਕਾਰਨ ਲਿਖਤੀ ਰੂਪ ਵਿਚ ਦਰਜ਼ ਕਰਨੇ ਚਾਈਦੇ ਸਨ ਤਾਂ ਜੋ ਦਿਜਗਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਨਾਲ ਮੱਸ ਰੱਖਣ ਵਾਲੇ ਹੋਰਾਂ ਨੂੰ ਵੀ ਇਨ੍ਹਾਂ ਦੀ ਯੋਗਤਾ ਦਾ, ਚੁਣੇ ਗਏ ਉਮੀਦਵਾਰਾਂ ਦੀ ਯੋਗਤਾ ਨਾਲ ਤੁਲਨਾ ਕਰਨ ਦਾ ਮੌਕਾ ਮਿਲ ਜਾਂਦਾ।

ਭਾਸ਼ਾ ਵਿਭਾਗ ਵੱਲੋਂ ਕਈ ਉਮੀਦਵਾਰਾਂ ਦੇ ਨਾਂ ਕਿਸੇ ਹੋਰ ਸ਼੍ਰੇਣੀਆਂ ਵਿਚ ਸ਼ਾਮਲ ਕੀਤੇ ਗਏ ਸਨ। ਪੈਨਲ ਬਣਾਉਂਦੇ ਸਮੇਂ ਸਕਰੀਨਿੰਗ ਕਮੇਟੀ ਨੇ ਇਨ੍ਹਾਂ ਵਿਚੋਂ ਕਈਆਂ ਦੀਆਂ ਸ਼੍ਰੇਣੀਆਂ ਬਦਲ ਦਿੱਤੀਆਂ। ਜਿਵੇਂ ਡਾ.ਅਨੂਪ ਸਿੰਘ ਬਟਾਲਾ ਦਾ ਨਾਂ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਸ਼੍ਰੇਣੀ ਲਈ ਸੁਝਾਇਆ ਗਿਆ ਸੀ ਪਰ ਸਕਰੀਨਿੰਗ ਕਮੇਟੀ ਨੇ ਇਨ੍ਹਾਂ ਦਾ ਨਾਂ 'ਗਿਆਨ ਸਾਹਿਤਕਾਰ ਪੁਰਸਕਾਰ' ਸ਼੍ਰੇਣੀ ਵਿਚ ਸ਼ਾਮਲ ਕੀਤਾ। ਇਸੇ ਤਰ੍ਹਾਂ ਭਾਸ਼ਾ ਵਿਭਾਗ ਵੱਲੋਂ ਡਾ.ਰਵੀ ਰਵਿੰਦਰ ਦਾ ਨਾਂ 'ਅਲੋਚਕ ਪੁਰਸਕਾਰ' ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਸਕਰੀਨਿੰਗ ਕਮੇਟੀ ਵੱਲੋਂ ਇਨ੍ਹਾਂ ਨੂੰ 'ਪੰਜਾਬੋਂ ਬਾਹਰ' ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ । ਭਾਸ਼ਾ ਵਿਭਾਗ ਵੱਲੋਂ ਦਰਸ਼ਨ ਢਿੱਲੋਂ ਦਾ ਨਾਂ 'ਵਿਦੇਸ਼ੀ ਸਾਹਿਤਕਾਰਾਂ' ਵਾਲੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਕਮੇਟੀ ਨੇ ਇਨ੍ਹਾਂ ਦੀ ਸ਼੍ਰੇਣੀ ਬਦਲ ਕੇ 'ਸਾਹਿਤਕ ਪੱਤਰਕਾਰ' ਵਾਲੀ ਕਰ ਦਿੱਤੀ। ਗੁਰਬਚਨ ਸਿੰਘ ਦੀ 'ਅਲੋਚਕ' ਤੋਂ 'ਸਾਹਿਤਕ ਪੱਤਰਕਾਰ'ਅਤੇ ਬਰਜਿੰਦਰ ਚੌਹਾਨ ਦੀ 'ਪੰਜਾਬੀ ਸਾਹਿਤਕਾਰ' ਦੀ ਥਾਂ 'ਪੰਜਾਬੋਂ ਬਾਹਰ' ਵਾਲੀ ਸ਼੍ਰੇਣੀ ਕਰ ਦਿੱਤੀ ਗਈ। ਬਾਅਦ ਵਿਚ ਇਨ੍ਹਾਂ ਸਾਰਿਆਂ ਨੂੰ ਬਦਲੀਆਂ ਗਈਆਂ ਸ਼੍ਰੇਣੀਆਂ ਵਾਲੇ ਪੁਰਸਕਾਰ ਵੀ ਮਿਲੇ। ਕਮੇਟੀ ਨੂੰ ਉਮੀਦਵਾਰਾਂ ਦੀਆਂ ਸ਼੍ਰੇਣੀਆਂ ਬਦਲਣ ਦੇ ਕਾਰਨ ਵੀ ਲਿਖਤੀ ਰੂਪ ਵਿਚ ਦਰਜ ਕਰਨੇ ਚਾਹੀਦੇ ਸਨ।

ਪੈਨਲ ਵਿਚ ਸ਼ਾਮਲ ਕੀਤੇ ਗਏ ਕਈ ਨਾਂਵਾਂ ਦੇ ਜੀਵਨ ਵੇਰਵੇ ਭਾਸ਼ਾ ਵਿਭਾਗ ਵੱਲੋਂ ਕਮੇਟੀ ਅੱਗੇ ਪੇਸ਼ ਨਹੀਂ ਕੀਤੇ ਗਏ। ਜਿਵੇਂ ਕਿ ਦਰਸ਼ਨ ਢਿੱਲੋਂ ਦਾ। ਕਮੇਟੀ ਵੱਲੋਂ ਇਨ੍ਹਾਂ ਦਾ ਨਾਂ ਸਾਹਿਤਕ ਪੱਤਰਕਾਰ ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਗਿਆ। ਕਮੇਟੀ ਨੇ ਇਨ੍ਹਾਂ ਦੀ ਯੋਗਤਾ ਦਾ ਅੰਦਾਜ਼ਾ ਕਿਸ ਅਧਾਰ ਤੇ ਲਾਇਆ?

ਕਮੇਟੀ ਵੱਲੋਂ ਆਪਣੇ ਤੌਰ 16 ਅਜਿਹੇ ਨਾਂ ਪੈਨਲਾਂ ਵਿਚ ਸ਼ਾਮਲ ਕੀਤੇ ਗਏ ਜਿਨ੍ਹਾਂ ਦੇ ਨਾਂ ਭਾਸ਼ਾ ਵਿਭਾਗ ਵੱਲੋਂ ਕਿਸੇ ਵੀ ਸ਼੍ਰੇਣੀ ਲਈ ਨਹੀਂ ਸਨ ਸੁਝਾਏ ਗਏ। ਜਿਵੇਂ ਕਿ (ਵਿਸ਼ਾਲ (ਅੱਖਰ), ਕ੍ਰਾਂਤੀਪਾਲ, ਅਤਿੰਦਰ ਸੰਧੂ (ਏਕਮ), ਚਰਨਜੀਤ ਸੋਹਲ , ਕੈਲਾਸ਼ ਕੌਰ, ਜਸਵੰਤ ਕੌਰ ਦਮਨ, ਅਨੀਤਾ ਸਬਦੀਸ਼, ਲਾਟ ਭਿੰਡਰ , ਜਸਬੀਰ ਜੱਸੀ ,ਜੀਤ ਸਿੰਘ ਬਾਵਾ, ਬੀ.ਐਨ. ਸ਼ਰਮਾ, ਤੇਜਿੰਦਰ ਹਰਜੀਤ, ਸ਼ਰਨ ਕੌਰ, ਪਰਮਜੀਤ ਕੌਰ ਸਰਹਿੰਦ, ਡਾ.ਗੁਰਸ਼ਰਨ ਕੌਰ ਜੱਗੀ ਅਤੇ ਡਾ.ਰਮਾਕਾਂਤ ਅੰਗਰੀਸ਼)। ਭਾਅਦ ਵਿਚ ਇਨ੍ਹਾਂ ਵਿਚੋਂ 6 (ਡਾ.ਗੁਰਸ਼ਰਨ ਕੌਰ ਜੱਗੀ, ਕੈਲਾਸ਼ ਕੌਰ, ਜਸਵੰਤ ਕੌਰ ਦਮਨ, ਤੇਜਿੰਦਰ ਹਰਜੀਤ, ਸ਼ਰਨ ਕੌਰ ਅਤੇ ਡਾ.ਰਮਾਕਾਂਤ ਅੰਗਰੀਸ਼) ਨੂੰ ਪੁਰਸਕਾਰ ਵੀ ਮਿਲ ਗਏ। ਇਨ੍ਹਾਂ ਵਿਅਕਤੀਆਂ ਦੇ ਨਾਂ ਕਿਸ ਮੈਂਬਰ ਨੇ ਸੁਝਾਏ? ਇਨ੍ਹਾਂ ਵਿਦਵਾਨਾਂ ਦੇ ਜੀਵਨ ਵੇਰਵੇ ਵੀ ਮੀਟਿੰਗ ਵਿਚ ਪੇਸ਼ ਨਹੀਂ ਕੀਤੇ ਗਏ। ਜੇ ਕੀਤੇ ਗਏ ਹੁੰਦੇ ਤਾਂ ਭਾਸ਼ਾ ਵਿਭਾਗ ਵੱਲੋਂ ਸਾਨੂੰ ਉਨ੍ਹਾਂ ਦੀਆਂ ਨਕਲਾਂ ਦਿੱਤੀਆਂ ਗਈਆਂ ਹੁੰਦੀਆਂ। ਕਮੇਟੀ ਦੀ ਕਾਰਵਾਈ ਵਿਚ ਇਨ੍ਹਾਂ ਨਾਂਵਾਂ ਨੂੰ ਸੁਝਾਏ ਜਾਣ ਦੇ ਕਾਰਨਾਂ ਦਾ ਵਿਸਥਾਰ ਨਾਲ ਜ਼ਿਕਰ ਹੋਣਾ ਚਾਹੀਦਾ ਸੀ। ਪਰ ਇੰਝ ਨਹੀਂ ਹੋਇਆ।

ਕਮੇਟੀ ਵੱਲੋਂ ਵੱਖ-ਵੱਖ ਪੈਨਲਾਂ ਵਿਚ ਸ਼ਾਮਲ ਕੀਤੇ ਕਈ ਨਾਂ, ਉਸ ਸ਼੍ਰੇਣੀ ਦੇ ਪੁਰਸਕਾਰ ਲਈ 'ਵਿਆਖਿਆ ਪੱਤਰ' ਵਿਚ ਦਰਜ ਤੈਅ ਸ਼ਰਤਾਂ ਪੂਰੀਆਂ ਨਹੀਂ ਸਨ ਕਰਦੇ। ਜਿਵੇਂ ਕਿ ਡਾ.ਰਵੀ ਰਵਿੰਦਰ ਨੂੰ 'ਪੰਜਾਬੋਂ ਬਾਹਰ' ਰਹਿੰਦੇ ਸਾਹਿਤਕਾਰ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ। ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਪੁਰਸਕਾਰ ਦੇ ਯੋਗ ਹੋਣ ਲਈ ਸ਼ਰਤ ਹੈ ਕਿ ਉਹ ਘੱਟੋ-ਘੱਟ ਦਸ ਸਾਲ ਤੋਂ ਪੰਜਾਬ ਤੋਂ ਬਾਹਰ ਰਹਿ ਰਿਹਾ ਹੋਵੇ।

**(ਚਲਦਾ)**

# ਲੋਕ-ਗੀਤਾਂ 'ਚ ਨਹੀਓਂ ਭੁੱਲ ਸਕਦੀ ਸੁਰਿੰਦਰ ਕੌਰ ਦੀ ਮਿੱਠੀ ਆਵਾਜ਼







## ਮਾਣ-ਸਨਮਾਨ

ਜੇਕਰ ਉਨ੍ਹਾਂ ਨੂੰ ਦੇਸ਼ ਵਿਦੇਸ਼ ਤੋਂ ਮਿਲੇ ਅਨੇਕਾਂ ਸਨਮਾਨਾਂ ਤੇ ਪੁਰਸਕਾਰਾਂ ਦੀ ਗੱਲ ਕਰੀਏ ਤਾਂ ਸੰਗੀਤ ਨਾਟਕ ਅਕੈਡਮੀ ਪੁਰਸਕਾਰ, ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਅਤੇ 2006 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਪੁਰਸਕਾਰ, ਇਹ ਸਾਰੇ ਸੁਰਿੰਦਰ ਕੌਰ ਵਲੋਂ ਗਾਉਣ ਦੀ ਲਗਨ ਅਤੇ ਕਲਾ ਦੀ ਗਵਾਹੀ ਭਰਦੇ ਹਨ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ ਵਲੋਂ ਸੁਰਿੰਦਰ ਕੌਰ ਨੂੰ ਮਰਨ ਉਪਰੰਤ 'ਪੰਜਾਬ ਦੀ ਕੋਇਲ' ਦਾ ਖਿਤਾਬ ਵੀ ਦਿੱਤਾ ਗਿਆ।

ਜਦੋਂ ਵੀ ਪੰਜਾਬੀ ਲੋਕ-ਸੰਗੀਤ ਦੀ ਗੱਲ ਆਉਂਦੀ ਹੈ, ਤਾਂ ਇੱਕ ਨਾਂ ਜੋ ਬਹੁਤ ਹੀ ਮਾਣ-ਸਨਮਾਨ ਅਤੇ ਪਿਆਰ ਨਾਲ ਸਾਡੀ ਜ਼ੁਬਾਨ 'ਤੇ ਆਉਂਦਾ ਹੈ ਤੇ ਜਿਸ ਨੂੰ ਸ਼ਾਇਦ ਹੀ ਕੋਈ ਅਜਿਹਾ ਸ਼ਖਸ ਹੋਵੇ ਜਿਸ ਨੇ ਨਾ ਸੁਣਿਆ ਹੋਵੇ, ਜੀ ਹਾਂ ਉਹ ਨਾਂ ਹੈ ਸੁਰਿੰਦਰ ਕੌਰ ਜੀ ਦਾ। ਮਿੱਠੀ ਆਵਾਜ਼, ਸੁਰ-ਲੈਅ ਦੀ ਪੱਕੀ ਤੇ ਰੂਹ ਤੱਕ ਉਤਰ ਜਾਣ ਵਾਲੀ ਗਾਇਕੀ ਦੀ ਮਲਿਕਾ ਅੱਜ ਵੀ ਹਰ ਪੰਜਾਬੀ ਦੇ ਦਿਲ ਵਿੱਚ ਵਸ ਰਹੀ ਹੈ। ਭਾਵੇਂ ਉਹ ਅੱਜ ਸਾਡੇ ਵਿਚਕਾਰ ਨਹੀਂ ਹੈ, ਪਰ ਉਸ ਦੀ ਆਵਾਜ਼ ਰੇਡੀਓ ਤੋਂ ਲੈ ਕੇ ਪਿੰਡਾਂ-ਸ਼ਹਿਰਾਂ ਦੀਆਂ ਗਲੀਆਂ ਤਕ ਅੱਜ ਵੀ ਜਿਉਂਦੀ ਹੈ।

ਲਾਹੌਰ ਦੇ ਭੱਟੀ ਗੇਟ ਵਿਖੇ 25 ਨਵੰਬਰ 1929 ਨੂੰ ਪਿਤਾ ਪ੍ਰੋ. ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੀ ਕੁੱਖੋਂ ਜਨਮ ਲੈਣ ਵਾਲੀ ਸੁਰਿੰਦਰ ਕੌਰ ਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਦੀ ਗਾਇਕੀ ਵੱਲ ਰੁਚੀ ਨੂੰ ਵੇਖਦਿਆਂ ਖੁਦ ਵੀ ਗਾਇਕੀ ਦਾ ਪੱਲਾ ਫੜਿਆ। ਜਦੋਂ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਗਾਉਣਾ ਸ਼ੁਰੂ ਕੀਤਾ ਤਾਂ ਸੁਰਿੰਦਰ ਕੌਰ ਨੇ ਵੀ ਸੰਗੀਤ ਦੀ ਦੁਨੀਆਂ ਵੱਲ ਪਹਿਲਾ ਕਦਮ ਰੱਖਿਆ, ਸਿਰਫ 13 ਸਾਲ ਦੀ ਉਮਰ ਵਿੱਚ ਹੀ ਸਕੂਲ ਪੜ੍ਹਦੇ ਹੋਏ ਰੇਡੀਓ ਉੱਤੇ ਪਹਿਲੀ ਵਾਰ ਬੱਚਿਆਂ ਦੇ ਪ੍ਰੋਗਰਾਮ 'ਚ ਗਾਇਆ। ਉਸ ਤੋਂ ਬਾਅਦ ਪਟਿਆਲਾ ਘਰਾਣੇ ਦੇ ਵੱਡੇ ਗੁਲਾਮ ਅਲੀ ਦੇ ਭਾਣਜੇ ਮਾਸਟਰ ਇਨਾਇਤ ਹੁਸੈਨ ਕੋਲੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਹਾਸਲ ਕਰ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਰਲ ਕੇ ਐੱਚ.ਐੱਮ.ਵੀ. ਰਿਕਾਰਡ ਕੰਪਨੀ ਵੱਲੋਂ ਪਹਿਲਾ ਗੀਤ ਰਿਕਾਰਡ ਕਰਵਾਇਆ, ਜਿਸ ਦੇ ਬੋਲ ਸਨ-"ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ..."

ਇਹ ਉਹ ਗੀਤ ਸੀ ਜਿਸ ਨੇ ਪੰਜਾਬੀ ਲੋਕ-ਸੰਗੀਤ ਵਿੱਚ ਇੱਕ ਇਤਿਹਾਸਕ ਮੋੜ ਲਿਆਂਦਾ। ਹਰੇਕ ਘਰ ਦੀ ਆਵਾਜ਼ ਬਣਿਆ ਇਹ ਗੀਤ ਅੱਜ ਵੀ ਉਸੇ ਹੀ ਤਰ੍ਹਾਂ ਮਕਬੂਲ ਹੈ ਜਿਸ ਤਰ੍ਹਾਂ ਉਨ੍ਹਾਂ ਵੇਲਿਆਂ 'ਚ ਸੀ।

1947 ਦੀ ਵੰਡ ਨੇ ਸੁਰਿੰਦਰ ਕੌਰ ਦੇ ਪਰਿਵਾਰ ਨੂੰ ਭਾਰਤ ਆਉਣ ਲਈ ਮਜਬੂਰ ਕਰ ਦਿੱਤਾ। ਗਾਜ਼ੀਆਬਾਦ ਵਿੱਚ ਆ ਕੇ ਉਨ੍ਹਾਂ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ। 1948 ਵਿੱਚ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਹੋਈ ਜੋਗਿੰਦਰ ਸਿੰਘ ਸੋਢੀ ਨਾਲ, ਜੋ ਕਿ ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਲੈਕਚਰਾਰ ਸਨ। ਸੋਢੀ ਸਾਬ੍ਹ ਜੋਕਿ ਸੁਰਿੰਦਰ ਕੌਰ ਦੇ ਸਿਰਫ਼ ਜੀਵਨ ਸਾਥੀ ਹੀ ਨਹੀਂ ਬਣੇ, ਸਗੋਂ ਉਨ੍ਹਾਂ ਦੀ ਕਲਾ ਦੇ ਸੱਚੇ ਸਾਥੀ ਅਤੇ ਉਤਸ਼ਾਹਕ ਵੀ ਬਣੇ। ਪਤੀ ਦੇ ਸਾਥ ਅਤੇ ਸੰਗੀਤ ਨਿਰਦੇਸ਼ਕ ਗੁਲਾਮ ਹੈਦਰ ਦੇ ਸਹਿਯੋਗ ਨਾਲ ਸੁਰਿੰਦਰ ਕੌਰ ਨੇ ਮੁੰਬਈ ਨਗਰੀ ਵਿਖੇ 'ਪਿਆਰ ਕੀ ਜੀਤ', 'ਸ਼ਹੀਦ' ਤੇ 'ਲਾਲ ਦੁਪੱਟਾ' ਵਰਗੀਆਂ ਹਿੰਦੀ ਫਿਲਮਾਂ ਵਿੱਚ ਮੁਕੇਸ਼, ਤਲਤ ਮਹਿਮੂਦ ਅਤੇ ਮੁਹੱਮਦ ਰਫ਼ੀ ਨਾਲ ਅਨੇਕਾਂ ਦੋਗਾਣੇ ਗਾਏ।

ਪੰਜਾਬੀ ਭਾਸ਼ਾ ਪ੍ਰਤੀ ਆਪਣੇ ਮੋਹ-ਪਿਆਰ ਤੇ ਮਿੱਟੀ ਦੀ ਖਿੱਚ ਨੂੰ ਵੇਖਦੇ ਹੋਏ ਸੁਰਿੰਦਰ ਕੌਰ ਨੇ ਸਿਰਫ਼ ਚਾਰ ਸਾਲ ਬਾਅਦ ਹੀ ਮੁੰਬਈ ਨਗਰੀ ਛੱਡ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਜਿੱਥੇ ਪੰਜਾਬੀ ਰਵਾਇਤੀ ਲੋਕ-ਗੀਤਾਂ ਨੂੰ ਨਵੇਂ ਢੰਗ ਨਾਲ ਪੇਸ਼ ਕੀਤਾ ਉੱਥੇ ਹੀ ਉਸ ਨੇ ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਮੁਹੰਮਦ ਸਦੀਕ, ਦੀਦਾਰ ਸੰਧੂ ,ਰਮੇਸ਼ ਰੰਗੀਲਾ ਤੇ ਕੇ. ਐੱਸ. ਅਗਨੀਹੋਤਰੀ ਵਰਗੇ ਕਈ ਨਾਮਵਰ ਗਾਇਕਾ ਨਾਲ ਸਦਾਬਹਾਰ ਸੈਂਕੜੇ ਦੋਗਾਣੇ ਗਾਏ।

ਜੁੱਤੀ ਕਸੂਰੀ, ਪੈਰੀਂ ਨਾ ਪੂਰੀ...
ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ...
ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ....
ਮਧਾਣੀਆਂ...
ਲੈ ਦੇ ਮੈਨੂੰ ਮਖਮਲ ਦੀ...
ਭਾਬੋ ਕਹਿੰਦੀ ਏ ਮਹਿੰਦਰ ਸਿੰਘਾ...
ਆ ਗਿਆ ਵਣਜ਼ਾਰਾ ਨੀਂ, ਚੜ੍ਹਾ ਲੈ ਭਾਬੀ ਚੂੜੀਆਂ...

ਇਸ ਤੋਂ ਇਲਾਵਾ ਸੁਰਿੰਦਰ ਕੌਰ ਵਲੋਂ ਗਾਏ ਗੀਤਾਂ ਦੀ ਲੰਬੀ ਸੂਚੀ ਵਿਚ ਅਨੇਕਾਂ ਹੀ ਅਜਿਹੇ ਗੀਤ ਹਨ ਜੋਕਿ ਘਰ-ਘਰ ਦੀ ਜ਼ੁਬਾਨ ਬਣ ਗਏ। ਢੋਲੇ, ਮਾਹੀਏ,ਜਿੰਦੂਆ, ਕਿੱਸੇ, ਸਲੇਟੀ ,ਚਾਦਰ, ਡੋਲੀ,ਸਿੱਠਣੀਆ ,ਸੁਹਾਗ ਅਤੇ ਘੋੜੀਆਂ ਵਰਗੇ ਰਿਵਾਇਤੀ ਗੀਤ ਪੰਜਾਬੀ ਰੂਹ ਨੂੰ ਛੂਹੰਦੇ ਹੋਏ ਪਿੰਡਾਂ ਦੀਆਂ ਗਲੀਆਂ ਤੋਂ ਲੈ ਕੇ ਵਿਦੇਸ਼ੀ ਵਿਆਹਾਂ ਤਕ ਅੱਜ ਵੀ ਵੱਜ ਰਹੇ ਹਨ। ਐੱਚ.ਐੱਮ.ਵੀ. ਕੰਪਨੀ ਵਲੋਂ ਸੁਰਿੰਦਰ ਕੌਰ ਦੇ ਕਈ ਐੱਲ.ਪੀ. ਰਿਕਾਰਡ ਰਿਲੀਜ਼ ਕੀਤੇ ਗਏ,ਜਿਨ੍ਹਾਂ ਨੂੰ ਲੋਕਾਂ ਨੇ ਹੱਥੋਂ-ਹੱਥ ਖਰੀਦਿਆ।

1976 ਵਿੱਚ ਪਤੀ ਦੀ ਅਚਾਨਕ ਮੌਤ ਨੇ ਸੁਰਿੰਦਰ ਕੌਰ ਦੀ ਜ਼ਿੰਦਗੀ 'ਚ ਇੱਕ ਤਿੱਖਾ ਮੋੜ ਲਿਉਂਦਾ। ਤਿੰਨ ਧੀਆਂ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਨੇ ਉਸ ਦੀ ਆਵਾਜ਼ ਵਿੱਚ ਦਰਦ, ਵਿਛੋੜਾ ਅਤੇ ਅੰਦਰੂਨੀ ਸੰਘਰਸ਼ ਨੂੰ ਪੈਦਾ ਕੀਤਾ। ਉਸ ਦੇ ਗੀਤ 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ.., ਮਹਿਰਮ ਦਿਲਾਂ ਦੇ ਮਾਹੀ..."ਨੀਂ ਮੈਂ ਜਾਣਾ ਰੱਬ ਦੇ ਕੋਲ, ਦਿਲ ਮੇਰੇ ਨੂੰ ਚੈਨ ਨਾ ਆਵੇ.. ਉਸ ਦੇ ਅੰਦਰੂਨੀ ਪ੍ਰਤਿਬਿੰਬ ਬਣ ਗਏ। ਲੇਕਿਨ ਬਾਅਦ ਵਿੱਚ ਉਸ ਨੇ ਆਪਣੀ ਬੇਟੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨੀ ਨਾਲ ਰਲ ਕੇ ਆਪਣੇ ਲੋਕ-ਗੀਤਾਂ ਦੇ ਸਫ਼ਰ ਨੂੰ ਇਕ ਵਾਰ ਫੇਰ ਅੱਗੇ ਵਧਾਇਆ।

ਜੇਕਰ ਉਨ੍ਹਾਂ ਨੂੰ ਦੇਸ਼ ਵਿਦੇਸ਼ ਤੋਂ ਮਿਲੇ ਅਨੇਕਾਂ ਸਨਮਾਨਾਂ ਤੇ ਪੁਰਸਕਾਰਾਂ ਦੀ ਗੱਲ ਕਰੀਏ ਤਾਂ ਸੰਗੀਤ ਨਾਟਕ ਅਕੈਡਮੀ ਪੁਰਸਕਾਰ, ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਅਤੇ 2006 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਪੁਰਸਕਾਰ, ਇਹ ਸਾਰੇ ਸੁਰਿੰਦਰ ਕੌਰ ਵਲੋਂ ਗਾਉਣ ਦੀ ਲਗਨ ਅਤੇ ਕਲਾ ਦੀ ਗਵਾਹੀ ਭਰਦੇ ਹਨ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ ਵਲੋਂ ਸੁਰਿੰਦਰ ਕੌਰ ਨੂੰ ਮਰਨ ਉਪਰੰਤ 'ਪੰਜਾਬ ਦੀ ਕੋਇਲ' ਦਾ ਖਿਤਾਬ ਵੀ ਦਿੱਤਾ ਗਿਆ।

ਸ਼ੋਰ-ਸ਼ਰਾਬੇ ਵਾਲੀ ਗਾਇਕੀ ਤੋਂ ਕੋਹਾਂ ਦੂਰ ਅਤੇ ਪਰਿਵਾਰਕ ਸਾਫ਼-ਸੁਥਰੀ ਗਾਇਕੀ ਦੀ ਮਲਿਕਾ ਸੁਰਿੰਦਰ ਕੌਰ ਆਪਣੀ ਜ਼ਿੰਦਗੀ ਦੇ ਅੰਤਿਮ ਚਰਨਾਂ ਵਿੱਚ ਕੁਝ ਸਮਾਂ ਪੰਚਕੂਲਾ ਵਿਖੇ ਆਪਣੀ ਵੱਡੀ ਧੀ ਡੌਲੀ ਗੁਲੇਰੀਆ ਕੋਲ ਰਹੀ, ਜੋ ਕਿ ਆਪਣੀ ਮਾਂ ਵਲੋਂ ਗਾਈ ਜਾ ਰਹੀ ਲੋਕ-ਗਾਇਕੀ ਪਰੰਪਰਾ ਨੂੰ ਅੱਗੇ ਵਧਾ ਰਹੀ ਹੈ। ਬਾਅਦ ਵਿੱਚ ਉਹ ਆਪਣੀ ਇਕ ਲੰਬੀ ਬਿਮਾਰੀ ਦੇ ਇਲਾਜ ਲਈ ਆਪਣੀਆਂ ਛੋਟੀਆਂ ਧੀਆਂ ਨੰਦਿਨੀ ਅਤੇ ਪ੍ਰਮੋਦਨੀ ਕੋਲ ਅਮਰੀਕਾ ਚਲੀ ਗਈ ਅਤੇ ਉੱਥੇ ਹੀ ਨਿਊ ਜਰਸੀ ਦੇ ਇਕ ਹਸਪਤਾਲ ਵਿਚ 14 ਜੂਨ 2006 ਨੂੰ 77 ਸਾਲ ਦੀ ਉਮਰ 'ਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖਦੀ ਹੋਈ ਆਪਣੀ ਮਧੁਰ ਆਵਾਜ਼ ਰਾਹੀਂ ਲਗਭਗ 2000 ਗੀਤਾਂ 'ਚ ਹਮੇਸ਼ਾ ਲਈ ਅਮਰ ਹੋ ਗਈ।

ਤਕਰੀਬਨ ਛੇ ਦਹਾਕਿਆਂ ਤਕ ਸੁਰਿੰਦਰ ਕੌਰ ਨੇ ਆਪਣੀ ਗਾਇਕੀ ਰਾਹੀਂ ਪੰਜਾਬੀ ਲੋਕ-ਸੰਗੀਤ ਨੂੰ ਨਾ ਸਿਰਫ਼ ਸੰਭਾਲਿਆ, ਸਗੋਂ ਵਿਸ਼ਵ ਪੱਧਰ 'ਤੇ ਵੀ ਪਹੁੰਚਾਇਆ। ਸਾਂਝੇ ਪੰਜਾਬ ਤੋਂ ਲੈ ਕੇ ਲੰਡਨ, ਕੈਨੇਡਾ, ਅਮਰੀਕਾ, ਦੁਬਈ ਤਕ ਜਿੱਥੇ ਵੀ ਪੰਜਾਬੀ ਬੋਲਣ ਵਾਲਾ ਵੱਸਦਾ ਸੀ, ਉੱਥੇ ਹੀ ਸੁਰਿੰਦਰ ਕੌਰ ਦੀ ਆਵਾਜ਼ ਉਸ ਦੀ ਪਛਾਣ ਦੀ ਅਜੀਹੀ ਨਿਸ਼ਾਨੀ ਬਣੀ ਜੋ ਸਦੀਆਂ ਤੀਕ ਪੰਜਾਬੀ ਰੂਹ ਦੀ ਵਕਾਲਤ ਕਰਦੀ ਰਹੇਗੀ। ਉਸ ਵਲੋਂ ਗਾਏ ਗੀਤ ਸਿਰਫ਼ ਸੰਗੀਤ ਹੀ ਨਹੀਂ, ਸਗੋਂ ਇੱਕ ਵਿਰਾਸਤ ਹਨ ਜੋ ਪੀੜ੍ਹੀ-ਦਰ-ਪੀੜ੍ਹੀ ਚਲ ਰਹੇ ਹਨ ਅਤੇ ਜਿਨ੍ਹਾਂ ਰਾਹੀਂ ਪੰਜਾਬ ਦੀ ਰੂਹ ਅੱਜ ਵੀ ਧੜਕ ਰਹੀ ਹੈ ਤੇ ਸਦੀਆਂ ਤੀਕ ਧੜਕਦੀ ਰਹੇਗੀ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਫ਼ੁੱਲਾਂ ਦੀ ਖ਼ੁਸ਼ਬੋ ਪੱਤੀਆਂ (ਕਹਾਣੀ)

ਰਣਜੀਤ ਕੌਰ ਅਤੇ ਸੁਖਦੀਪ ਕੌਰ ਦੇ ਘਰ ਨਾਲ਼ ਲੱਗਵੇਂ ਹਨ। ਰਣਜੀਤ ਦੇ ਡੈਡੀ ਮਹਿੰਦਰ ਸਿੰਘ ਵੜੈਚ ਫ਼ੌਜ ਵਿੱਚ ਮੇਜਰ ਹਨ। ਸੁਖਦੀਪ ਦੇ ਪਾਪਾ ਹਰਦਿਆਲ ਸਿੰਘ ਪੰਨੂ ਸੈਦੋਵਾਲ ਪਿੰਡ ਵਿੱਚ ਪਟਵਾਰੀ ਲੱਗੇ ਹੋਏ ਹਨ। ਪਿੰਡ ਵਿੱਚ ਪਟਵਾਰੀ ਤੱਕ ਹਰੇਕ ਬੰਦੇ ਨੂੰ ਕੋਈ ਨਾ ਕੋਈ ਕੰਮ ਧੰਦਾ ਪੈਂਦਾ ਹੀ ਰਹਿੰਦਾ ਹੈ। ਇਸ ਤਰ੍ਹਾਂ ਪੰਨੂ ਦੀ ਆਪਣੇ ਪਿੰਡ ਅਤੇ ਹੋਰ ਆਲੇ ਦੁਆਲੇ ਦੇ ਪਿੰਡਾਂ ਵਿੱਚ ਚੰਗੀ ਪੈਂਠ ਬਣੀ ਹੋਈ ਹੈ। ਜੇ ਕਿਸੇ ਕਿਸਾਨ ਨੇ ਆਪਣੇ ਇੱਖ ਨੂੰ ਵੱਢਣਾ ਸ਼ੁਰੂ ਕਰਨਾ ਤਾਂ ਸਭ ਤੋਂ ਪਹਿਲਾਂ ਪੌਨੇ ਗੰਨਿਆਂ ਦੀ ਵੱਡੀ ਭਰੀ ਪਟਵਾਰੀ ਦੇ ਘਰ ਪਹੁੰਚ ਜਾਂਦੀ। ਜੇ ਕਿਸੇ ਜੱਟ ਜ਼ਿਮੀਂਦਾਰ ਦੇ ਖੇਤ ਛੱਲੀਆਂ ਪੱਕਣ 'ਤੇ ਆਉਂਦੀਆਂ ਤਾਂ ਉਹ ਮੋਟੀਆਂ-ਮੋਟੀਆਂ ਛਾਂਟਵੀਆਂ ਛੱਲੀਆਂ ਨਾਲ਼ ਬੋਰੀ ਭਰ ਕੇ ਉਸ ਦੇ ਘਰ ਛੱਡ ਆਉਂਦਾ। ਪਿੰਡ ਵਿੱਚ ਜ਼ਿਮੀਂਦਾਰਾਂ ਦੇ ਕਈ ਘਰ ਤਾਂ ਅਜਿਹੇ ਹਨ, ਜਿਹੜੇ ਪਟਵਾਰਨ ਦੇ ਬਿਨਾਂ ਕਹੇ ਹਰਾ ਛੋਲੂਆ, ਸਰੋਂ ਦਾ ਸਾਗ ਉਨ੍ਹਾਂ ਦੇ ਘਰ ਦੇ ਆਉਂਦੇ। ਇਉਂ ਖਾਣ ਪੀਣ ਦੀਆਂ ਵਸਤਾਂ ਦੀ ਉਨ੍ਹਾਂ ਦੇ ਘਰ ਵਿੱਚ ਰੁਲ ਪਈ ਰਹਿੰਦੀ ਸੀ।

ਉਹ ਜਦੋਂ ਵੀ ਆਪਣੇ ਦੁੱਗ-ਦੁੱਗ ਕਰਦੇ ਬੁਲੇਟ ਮੋਟਰਸਾਈਕਲ 'ਤੇ ਚੜ੍ਹ ਕੇ ਘਰੋਂ ਨਿੱਕਲਦਾ ਹੈ ਤਾਂ ਪਿੰਡ ਦਾ ਹਰੇਕ ਲੰਘਦਾ ਵੜਦਾ ਬੰਦਾ ਉਸ ਨਾਲ਼ ਫ਼ਤਹਿ ਦੀ ਸਾਂਝ ਪਾਉਣ ਵਿੱਚ ਆਪਣੀ ਸ਼ਾਨ ਸਮਝਦਾ- 'ਪੰਨੂੰ ਸਾਹਿਬ, ਸਤਿ ਸ਼੍ਰੀ ਅਕਾਲ।' 'ਰਾਮ ਰਾਮ ਪਟਵਾਰੀ ਜੀ।' 'ਨਮਸਕਾਰ ਪਟਵਾਰੀ ਸਾਹਿਬ।' 'ਜੀਉਂਦੇ ਵਸਦੇ ਰਹੋ ਪਟਵਾਰੀ ਸਾਹਿਬ। ਰੱਬ ਥੋਨੂੰ ਬਹੁਤਾ ਦੇਵੇ।' ਸਭ ਦੀਆਂ ਦੁਆਵਾਂ ਸਲਾਮਾਂ ਕਬੂਲਦਾ ਹੋਇਆ ਉਹ ਸਾਹਮਣੇ ਵਾਲ਼ੇ ਦੀ ਹੈਸੀਅਤ ਅਨੁਸਾਰ ਯਥਾ ਸੰਭਵ ਉੱਤਰ ਦਿੰਦਾ ਜਾਂਦਾ। ਬਹੁਤਿਆਂ ਨੂੰ ਤਾਂ ਉਹ ਮਾੜਾ ਜੇਹਾ ਸਿਰ ਹੀ ਹਿਲਾਉਂਦਾ। ਪਿੰਡ ਦੇ ਇੰਨੇਂ ਲੋਕਾਂ ਕੋਲੋਂ ਮਿਲਦਾ ਇੰਨਾਂ ਮਾਣ ਸਨਮਾਨ ਉਸ ਦੀ ਧੌਣ ਨੂੰ ਹੋਰ ਵੀ ਅਕੜੇਵਾਂ ਚਾੜ੍ਹ ਦਿੰਦਾ। ਇਸੇ ਤਰ੍ਹਾਂ ਪਟਵਾਰਨ ਦੀ ਵੀ ਗਲ਼ੀ ਗੁਆਂਢ ਵਿੱਚ ਪੂਰੀ ਪੁੱਛ ਪ੍ਰਤੀਤ ਹੁੰਦੀ ਸੀ।

ਚੌਥੀ ਜਮਾਤ ਵਿੱਚ ਪੜ੍ਹਦੀਆਂ ਰਣਜੀਤ ਅਤੇ ਸੁਖਦੀਪ ਦੋਵੇਂ ਪੱਕੀਆਂ ਸਹੇਲੀਆਂ ਹਨ। ਸਵੇਰੇ ਸਕੂਲ ਜਾਣ ਵੇਲੇ ਜੇ ਰਣਜੀਤ ਨੇ ਰੋਟੀ ਟੁੱਕ ਖਾ ਕੇ ਪਹਿਲਾਂ ਤਿਆਰ ਹੋ ਜਾਣਾ ਤਾਂ ਉਹ ਸੁਖਦੀਪ ਦੇ ਘਰ ਆ ਜਾਂਦੀ। ਜੇ ਕਦੇ ਸੁਖਦੀਪ ਸੁਵੱਖਤੇ ਤਿਆਰ ਹੋ ਜਾਂਦੀ ਤਾਂ ਉਹ ਰਣਜੀਤ ਦੇ ਘਰ ਅੱਗੇ ਖਲੋ ਕੇ ਅਵਾਜ਼ ਮਾਰਦੀ- "ਜੀਤਾਂ, ਆ ਜਾ ਅੜੀਏ! ਸਕੂਲੇ ਚੱਲੀਏ।" ਤਦ ਉਸ ਦੀ ਸਾਹਾਂ ਤੋਂ ਪਿਆਰੀ ਸਹੇਲੀ ਰਣਜੀਤ ਨੇ ਉਸ ਨੂੰ ਬਹੁਤ ਹੀ ਮੋਹ ਭਿੱਜੇ ਲਫ਼ਜ਼ਾਂ ਵਿੱਚ ਕਹਿਣਾ- "ਬੱਸ, ਹੁਣੇ ਆਈ ਦੀਦੀ। ਮੈਂ ਬਿਲਕੁਲ ਤਿਆਰ ਈ ਆਂ।" ਇਉਂ ਦੋਵਾਂ ਕੁੜੀਆਂ ਨੇ ਇੱਕ ਦੂਜੀ ਦਾ ਹੱਥ ਫੜ ਕੇ ਸਕੂਲ ਦੇ ਰਾਹ ਪੈ ਜਾਣਾ। ਇਨ੍ਹਾਂ ਨਿੱਕੀਆਂ ਬਾਲੜੀਆਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਨਿੱਕੀਆਂ-ਨਿੱਕੀਆਂ ਗੱਲਾਂ ਸਨ ਕਿ ਉਨ੍ਹਾਂ ਦਾ ਛਣਕਦਾ ਹਾਸਾ ਰਾਹ ਜਾਂਦਿਆਂ ਨੂੰ ਖਿੱਚ ਪਾਉਂਦਾ ਸੀ।

ਜੇ ਦੋਵਾਂ ਦੀ ਪੜ੍ਹਾਈ ਦੀ ਗੱਲ ਕੀਤੀ ਜਾਂਦੀ ਤਾਂ ਰਣਜੀਤ ਜਿੱਥੇ ਟੀਸੀ 'ਤੇ ਖੜ੍ਹੀ ਸੀ। ਸੁਖਦੀਪ ਤਾਂ ਉਹਦੇ ਪਾਂਸਕੂ ਵੀ ਨਹੀਂ ਸੀ। ਜਿੱਥੇ ਰਣਜੀਤ ਹਮੇਸ਼ਾ ਮੋਹਰੀ ਹੋ ਕੇ ਵਿਚਰਦੀ ਸੀ। ਉੱਥੇ ਸੁਖਦੀਪ ਪੜ੍ਹਾਈ ਵਿੱਚ ਬਹੁਤ ਜ਼ਿਆਦਾ ਪਛੜੀ ਹੋਈ ਸੀ। ਰਣਜੀਤ ਨੇ ਜਦੋਂ ਆਪਣੀ ਫੱਟੀ ਨੂੰ ਪੋਚ ਕੇ ਰੀਝ ਨਾਲ਼ ਲਿਖਣਾ ਤਾਂ ਸਕੂਲ ਦੇ ਅਧਿਆਪਕ ਮੋਤੀਆਂ ਵਾਂਗ ਚਿਣੇ ਉਸ ਦੇ ਸ਼ਬਦਾਂ ਨੂੰ ਵੇਖ ਕੇ ਅਸ਼-ਅਸ਼ ਕਰ ਉੱਠਦੇ ਸਨ। ਸਕੂਲ ਦੇ ਹੋਰਨਾਂ ਬੱਚਿਆਂ ਨੂੰ ਪ੍ਰੇਰਨਾ ਦੇਣ ਲਈ ਉਸ ਦੀ ਫੱਟੀ ਨੂੰ ਸਾਰੀਆਂ ਜਮਾਤਾਂ ਵਿੱਚ ਘੁਮਾਇਆ ਜਾਂਦਾ। ਕਿਸੇ ਅਧਿਆਪਕ ਨੇ ਉਸ ਨੂੰ ਦਸ ਵਿੱਚੋਂ ਦਸ ਨੰਬਰ ਦੇ ਦੇਣੇ। ਕੋਈ-ਕੋਈ ਅਧਿਆਪਕ ਉਸ ਨੂੰ ਦਸ ਵਿੱਚੋਂ ਸਾਢੇ ਨੌਂ ਨੰਬਰ ਵੀ ਦੇ ਦਿੰਦਾ ਸੀ। ਪਰੰਤੂ ਸਾਰੇ ਅਧਿਆਪਕਾਂ ਵੱਲੋਂ ਮਿਲਦੀ 'ਸ਼ਾਬਾਸ਼' ਨਾਲ਼ ਉਸ ਦੀ ਪੜ੍ਹਾਈ ਅਤੇ ਲਿਖਾਈ ਹੋਰ ਵੀ ਵਧੀਆ ਹੁੰਦੀ ਜਾਂਦੀ ਸੀ।

ਮਹੀਨੇ ਦੇ ਆਖ਼ਰੀ ਸ਼ਨੀਵਾਰ ਅੱਧੀ ਛੁੱਟੀ ਬਾਅਦ ਸਕੂਲ ਵਿੱਚ ਬਾਲ ਸਭਾ ਲੱਗਦੀ ਸੀ। ਜਿਸ ਵਿੱਚ ਬਹੁਤ ਸਾਰੇ ਬੱਚੇ ਚਾਂਈਂ-ਚਾਂਈਂ ਭਾਗ ਲੈਂਦੇ ਸਨ। ਪਰੰਤੂ ਰਣਜੀਤ ਤਾਂ ਸਕੂਲ ਦਾ ਇੱਕ ਅਜਿਹਾ ਚਮਕਦਾ ਸਿਤਾਰਾ ਸੀ ਕਿ ਉਹ ਹਰ ਥਾਂ 'ਤੇ ਬਾਜ਼ੀ ਮਾਰ ਜਾਂਦੀ। ਪੰਜਾਬੀ ਲੋਕ ਗੀਤਾਂ ਨੂੰ ਤਾਂ ਉਹ ਬੜੀ ਰੂਹ ਨਾਲ਼ ਗੌਂਦੀ ਸੀ। ਪਰੰਤੂ ਸਿੱਖ ਇਤਿਹਾਸ ਨਾਲ਼ ਸੰਬੰਧਿਤ ਧਾਰਮਿਕ ਗੀਤ- 'ਕਿੱਥੇ ਮਾਤਾ ਤੋਰਿਆ, ਅਜੀਤ ਤੇ ਜੁਝਾਰ ਨੂੰ। ਮਹਿਲਾਂ ਦੀਆਂ ਰੌਣਕਾਂ ਤੇ ਵਿਹੜੇ ਦੇ ਸ਼ਿੰਗਾਰ ਨੂੰ', 'ਚੰਨ ਮਾਤਾ ਗੁਜਰੀ ਦਾ, ਬੈਠਾ ਕੰਡਿਆਂ ਦੀ ਸੇਜ ਵਿਛਾਈ। ਸੀਨੇ ਨਾਲ ਤੇਗ਼ ਲਾ ਲਈ, ਜਦੋਂ ਯਾਦ ਪੁੱਤਰਾਂ ਦੀ ਆਈ' ਜਦੋਂ ਉਹ ਗੌਂਦੀ ਸੀ ਤਾਂ ਸਮਾਂ ਬੰਨ੍ਹ ਕੇ ਰੱਖ ਦਿੰਦੀ ਸੀ। ਜਿਉਂ ਹੀ ਉਹ ਗੀਤ ਗਾ ਕੇ ਮੰਚ ਤੋਂ ਹੇਠਾਂ ਉੱਤਰਦੀ ਤਾਂ ਸਾਰੇ ਅਧਿਆਪਕ ਅਤੇ ਬੱਚੇ ਤਾੜੀਆਂ ਦੀ ਗੜਗੜਾਹਟ ਨਾਲ਼ ਉਸ ਨੂੰ ਭਰਪੂਰ ਦਾਦ ਦਿੰਦੇ ਸਨ।

ਪਰੰਤੂ ਦੂਜੇ ਪਾਸੇ ਉਸ ਦੀ ਸਹੇਲੀ ਸੁਖਦੀਪ ਉਸ ਨਾਲੋਂ ਪੜ੍ਹਾਈ ਤੋਂ ਇਲਾਵਾ ਹੋਰ ਵੀ ਹਰ ਗੱਲ ਵਿੱਚ ਪਛੜੀ ਹੋਈ ਹੈ। ਉਸ ਦੀ ਲਿਖਾਈ ਇੰਨੀਂ ਭੈੜੀ ਹੈ ਕਿ ਕਈ ਵਾਰੀ ਤਾਂ ਉਸ ਦਾ ਆਪਣਾ ਲਿਖਿਆ ਹੋਇਆ ਵੀ ਉਸ ਤੋਂ ਪੜ੍ਹਿਆ ਨਹੀਂ ਸੀ ਜਾਂਦਾ। ਅਧਿਆਪਕਾਂ ਲਈ ਤਾਂ ਪੜ੍ਹਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਸੀ। ਮੈਡਮ ਸ਼ਹਿਨਾਜ ਨੇ ਜਦੋਂ ਸੁਖਦੀਪ ਨੂੰ ਪੰਜਾਬੀ ਦਾ ਪਾਠ ਪੜ੍ਹਨ ਲਈ ਕਹਿਣਾ ਤਾਂ ਉਹ ਬਹੁਤ ਹੌਲੀ ਜਿਹੀ ਅਵਾਜ਼ ਵਿੱਚ ਕੇਵਲ ਇੱਕ ਦੋ ਲਫ਼ਜ਼ ਹੀ ਹੀਜੇ ਕਰ-ਕਰ ਕੇ ਮਸਾਂ ਪੜ੍ਹਦੀ ਸੀ। ਬੱਸ ਉੱਥੇ ਹੀ ਉਸ ਦੀਆਂ ਬਰੇਕਾਂ ਲੱਗ ਜਾਂਦੀਆਂ ਸਨ। ਹਿਸਾਬ ਦੇ ਸੁਆਲ ਕੱਢਣ ਵਿੱਚ ਵੀ ਉਹ ਬਹੁਤ ਪਿੱਛੇ ਸੀ। ਹਿੰਦੀ ਅਤੇ ਅੰਗਰੇਜ਼ੀ ਤਾਂ ਉਸ ਨੂੰ ਬਿਲਕੁਲ ਹੀ ਪੜ੍ਹਨੀ ਨਹੀਂ ਸੀ ਆਉਂਦੀ। ਇਸ ਲਈ ਜਦੋਂ ਵੀ ਜਮਾਤ ਵਿੱਚ ਉਸ ਨੂੰ ਝਿੜਕਾਂ ਪੈਂਦੀਆਂ ਤਾਂ ਉਸ ਦੇ ਉੱਤਰੇ ਚਿਹਰੇ ਵੱਲ ਦੇਖ ਕੇ ਰਣਜੀਤ ਦਾ ਵੀ ਚਿਹਰਾ ਉੱਤਰ ਜਾਂਦਾ। ਪਰੰਤੂ ਉਹ ਆਪਣੀ ਸਹੇਲੀ ਲਈ ਕੁਝ ਵੀ ਨਹੀਂ ਸੀ ਕਰ ਸਕਦੀ। ਹਾਂ, ਸਾਰੀ ਛੁੱਟੀ ਹੋਣ 'ਤੇ ਘਰ ਜਾਂਦਿਆਂ ਉਹ ਜ਼ਰੂਰ ਆਪਣੀ ਸਹੇਲੀ ਨੂੰ ਆਖਦੀ, "ਸੁੱਖਾਂ ਭੈਣ, ਜਦੋਂ ਸਕੂਲ ਵਿੱਚ ਤੈਨੂੰ ਝਿੜਕਾਂ ਪੈਂਦੀਆਂ ਨੇ ਨਾ। ਤਾਂ ਮੇਰਾ ਮਨ ਬਹੁਤ ਦੁਖੀ ਹੁੰਦੈ। ਪਰ ਉੱਥੇ ਮੇਰਾ ਕੋਈ ਵੱਸ ਨੀਂ ਚੱਲਦਾ। ਤੂੰ ਮੇਰੀ ਭੈਣ ਬਣ ਕੇ ਪੜ੍ਹਿਆ ਕਰ। ਕਿਉਂਕਿ ਮੇਰੇ ਡੈਡੀ ਜੀ ਜਦੋਂ ਵੀ ਛੁੱਟੀ ਆਉਂਦੇ ਐ ਤਾਂ ਉਹ ਮੈਨੂੰ ਇੱਕੋ ਗੱਲ ਆਖਦੇ ਹੁੰਦੇ ਐ- 'ਪੜ੍ਹਾਈ ਕਰਨ ਨਾਲ ਹੀ ਜ਼ਿੰਦਗੀ ਬਣਦੀ ਹੈ। ਜਿਹੜੇ ਬੱਚੇ ਪੜ੍ਹਾਈ ਵਿੱਚ ਆਪਣਾ ਮਨ ਨਹੀਂ ਲਾਉਂਦੇ, ਉਨ੍ਹਾਂ ਨੂੰ ਸਾਰੀ ਉਮਰ ਪਛਤਾਉਣਾ ਪੈਂਦਾ ਹੈ।' ਦੇਖ, ਤੂੰ ਮੇਰੀ ਪੱਕੀ ਸਹੇਲੀ ਐਂ। ਏਸ ਲਈ ਭੈਣੇ ਤੂੰ ਜ਼ਰੂਰ ਪੜ੍ਹਿਆ ਕਰ।"

ਆਪਣੀ ਪਿਆਰੀ ਸਹੇਲੀ ਦੀਆਂ ਸਿਆਣੀਆਂ ਗੱਲਾਂ ਸੁਣ ਕੇ ਇੱਕ ਵਾਰੀ ਤਾਂ ਸੁਖਦੀਪ ਦਾ ਮਨ ਦ੍ਰਿੜ੍ਹਤਾ ਫੜ ਜਾਂਦਾ। ਪਰੰਤੂ ਘਰ ਜਾਂਦਿਆਂ ਹੀ ਜਿਵੇਂ ਉਸ ਨੂੰ ਸਭ ਕੁਝ ਭੁੱਲ ਭੁਲਾ ਜਾਂਦਾ। ਉਹ ਆਪਣਾ ਸਕੂਲ ਵਾਲ਼ਾ ਬਸਤਾ ਸੁੱਟ ਕੇ ਟੈਲੀਵਿਜ਼ਨ ਲਾ ਲੈਂਦੀ। ਇੱਕ ਨਾਟਕ ਮੁੱਕਦਾ, ਦੂਜਾ ਸ਼ੁਰੂ ਹੋ ਜਾਂਦਾ। ਦੂਜਾ ਮੁੱਕਦਾ, ਤਾਂ ਤੀਜਾ ਸ਼ੁਰੂ ਹੋ ਜਾਂਦਾ। ਟੈਲੀਵਿਜ਼ਨ ਅੱਗੇ ਬੈਠਿਆਂ ਹੀ ਉਹ ਰੋਟੀ ਖਾਣ ਲੱਗ ਪੈਂਦੀ। ਜੱਟ ਜ਼ਿਮੀਂਦਾਰਾਂ ਦੇ ਘਰੋਂ ਆਈਆਂ ਵਸਤਾਂ ਵੇਖ ਕੇ ਉਸ ਨੂੰ ਲੱਗਦਾ ਸੀ ਕਿ ਇਹ ਸਭ ਕੁਝ ਤਾਂ ਆਪਣੇ ਆਪ ਹੀ ਘਰ ਵਿੱਚ ਆਈ ਜਾਂਦਾ ਹੈ। ਫਿਰ ਪੜ੍ਹਾਈ ਲਈ ਮੱਥਾ ਮਾਰਨ ਦੀ ਕੀ ਲੋੜ ਐ?

ਪੰਜਵੀਂ ਜਮਾਤ ਦਾ ਇਮਤਿਹਾਨ ਬੋਰਡ ਨੇ ਫ਼ਰਵਰੀ ਮਹੀਨੇ ਵਿੱਚ ਹੀ ਲੈ ਲਿਆ ਸੀ। ਸਕੂਲ ਦੀਆਂ ਬਾਕੀ ਜਮਾਤਾਂ ਦੇ ਪੇਪਰ ਦਸ ਮਾਰਚ ਨੂੰ ਆਰੰਭ ਹੋ ਗਏ ਸਨ। ਚੌਵੀ ਮਾਰਚ ਨੂੰ ਆਖ਼ਰੀ ਪੇਪਰ ਸੀ। ਚਾਰ ਦਿਨਾਂ ਵਿੱਚ ਸਕੂਲ ਦੇ ਸਾਰੇ ਅਧਿਆਪਕਾਂ ਨੇ ਪੇਪਰ ਚੈੱਕ ਕਰਕੇ ਫਾਈਨਲ ਲਿਸਟਾਂ ਸਕੂਲ ਮੁਖੀ ਗੁਰਨਾਮ ਸਿੰਘ ਸੇਖੋਂ ਕੋਲ ਪਹੁੰਚਾ ਦਿੱਤੀਆਂ ਸਨ। ਤੀਹ ਮਾਰਚ ਨੂੰ ਐਤਵਾਰ ਸੀ। ਇਸ ਕਰਕੇ 29 ਮਾਰਚ ਨੂੰ ਹੀ ਰਿਜ਼ਲਟ ਕੱਢਿਆ ਜਾਣਾ ਸੀ। ਬੱਚੇ ਆਪੋ ਆਪਣੇ ਘਰਾਂ ਤੋਂ ਤਿਆਰ ਹੋ ਕੇ ਚਾਂਈਂ-ਚਾਂਈਂ ਸਕੂਲ ਆ ਰਹੇ ਸਨ। ਸੁਖਦੀਪ ਨੇ ਆਪਣੇ ਘਰ ਦੇ ਵਿਹੜੇ ਵਿੱਚ ਖਿੜੇ ਗੇਂਦੇ ਅਤੇ ਗੁਲਾਬ ਦੇ ਫੁੱਲਾਂ ਨੂੰ ਤੋੜ ਕੇ ਇੱਕ ਵੱਡੇ ਰੁਮਾਲ ਵਿੱਚ ਬੰਨ੍ਹ ਲਿਆ ਸੀ। ਉਸ ਨੇ ਸਹੇਲੀ ਦੇ ਘਰ ਅੱਗੇ ਖਲੋ ਕੇ ਆਪਣੀ 'ਜੀਤਾਂ" ਕਹਿ ਕੇ ਅਵਾਜ਼ ਮਾਰੀ ਤਾਂ ਰਣਜੀਤ ਉਸੇ ਵੇਲੇ ਦੌੜ ਕੇ ਬਾਹਰ ਆ ਗਈ ਸੀ। ਉਸ ਨੇ ਸੁਖਦੀਪ ਦੇ ਹੱਥਾਂ ਵਿੱਚ ਫੜੀ ਪੋਟਲੀ ਵੇਖੀ। ਉਸ ਨੇ ਬੜੀ ਹੈਰਾਨੀ ਅਤੇ ਉਤਸੁਕਤਾ ਨਾਲ ਪੁੱਛਿਆ, "ਆਹ ਪੋਟਲੀ ਵਿੱਚ ਕੀ ਬੰਨ੍ਹਿਆਂ ਏ ਸੁਖਦੀਪ?"

"ਲੈ, ਤੈਨੂੰ ਨੀਂ ਪਤਾ? ਅੱਜ ਆਪਣੇ ਸ਼ਹਿਨਾਜ ਮੈਡਮ ਨੇ ਨਤੀਜਾ ਸੁਣਾਉਣਾ ਏ। ਜਿਉਂ ਹੀ ਮੈਡਮ ਨਤੀਜਾ ਸੁਣਾ ਕੇ ਹਟਣਗੇ, ਮੈਂ ਉਸੇ ਵੇਲੇ ਫੁੱਲਾਂ ਦੀ ਵਰਖਾ ਆਪਣੀ ਸ਼ਹਿਨਾਜ ਮੈਡਮ ਉੱਤੇ ਕਰਾਂਗੀ। ਆਪਣੇ ਮੈਡਮ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਸੋਹਣੇ ਨੇ। ਤੂੰ ਵੇਖੀਂ, ਖਿੜੇ ਫੁੱਲਾਂ ਨਾਲ਼ ਉਹ ਹੋਰ ਵੀ ਜ਼ਿਆਦਾ ਸੋਹਣੇ ਲੱਗਣਗੇ।" ਸੁਖਦੀਪ ਨੇ ਚਹਿਕਦਿਆਂ ਹੋਇਆਂ ਕਿਹਾ।

"ਅੱਛਾ! ਅੱਛਾ! ਠੀਕ ਐ। ਚੱਲ ਆ ਹੁਣ ਸਕੂਲੇ ਚੱਲੀਏ। ਕਿਤੇ ਅਜਿਹਾ ਨਾ ਹੋਵੇ ਕਿ ਆਪਣੇ ਸਕੂਲ ਪਹੁੰਚਣ ਤੋਂ ਪਹਿਲਾਂ ਹੀ ਸ਼ਹਿਨਾਜ ਮੈਡਮ ਨਤੀਜਾ ਸੁਣਾ ਦੇਣ। ਤੇ ਤੇਰੇ ਇਨ੍ਹਾਂ ਖਿੜੇ ਫੁੱਲਾਂ ਦੀ ਖ਼ੁਸ਼ਬੋ ਇਸ ਰੁਮਾਲ ਵਿੱਚ ਹੀ ਦੱਬ ਕੇ ਰਹਿ ਜਾਵੇ।"

ਉਹ ਦੋਵਾਂ ਹੱਸਦੀਆਂ ਹੋਈਆਂ ਗੱਲਾਂ ਕਰਦੀਆਂ ਸਕੂਲ ਪਹੁੰਚ ਗਈਆਂ। ਬਹੁਤ ਸਾਰੇ ਬੱਚੇ ਪਹਿਲਾਂ ਹੀ ਸਕੂਲ ਆ ਚੁੱਕੇ ਸਨ। ਸਾਰਿਆਂ ਦੇ ਚਿਹਰੇ ਫੁੱਲਾਂ ਵਾਂਗੂੰ ਖਿੜੇ ਹੋਏ ਸਨ। ਸਕੂਲ ਦੀ ਘੰਟੀ ਵੱਜਣ ਨਾਲ ਸਾਰੇ ਬੱਚੇ ਸਵੇਰ ਦੀ ਸਭਾ ਵਾਲ਼ੇ ਗਰਾਊਂਡ ਵਿੱਚ ਇਕੱਠੇ ਹੋ ਗਏ ਸਨ। ਸੁਖਦੀਪ ਨੇ ਫੁੱਲਾਂ ਵਾਲ਼ੀ ਪੋਟਲੀ ਦੀ ਗੰਢ ਖੋਲ੍ਹ ਲਈ ਸੀ। ਉਸ ਨੇ ਪੋਟਲੀ ਨੂੰ ਆਪਣੀ ਝੋਲ਼ੀ ਵਿੱਚ ਰੱਖ ਕੇ ਦੋਵੇਂ ਮੁੱਠੀਆਂ ਵਿੱਚ ਫੁੱਲਾਂ ਦੀਆਂ ਪੱਤੀਆਂ ਭਰ ਲਈਆਂ ਸਨ। ਔਹ ਸਾਹਮਣੇ, ਸ਼ਹਿਨਾਜ ਮੈਡਮ ਨਤੀਜੇ ਵਾਲ਼ੀ ਫਾਈਲ ਲੈ ਕੇ ਸਟੇਜ ਉੱਤੇ ਚੜ੍ਹ ਰਹੇ ਹਨ। ਸਕੂਲ ਦੇ ਮੁਖੀ ਅਤੇ ਹੋਰ ਅਧਿਆਪਕ ਬੱਚਿਆਂ ਵੱਲ ਮੂੰਹ ਕਰਕੇ ਸਟੇਜ ਦੇ ਬਿਲਕੁਲ ਨਜ਼ਦੀਕ ਖੜ੍ਹੇ ਹਨ। ਸ਼ਹਿਨਾਜ ਮੈਡਮ ਲੈਕਚਰ ਸਟੈਂਡ ਕੋਲ ਆ ਗਏ ਸਨ । ਉਨ੍ਹਾਂ ਸਾਰਿਆਂ ਨੂੰ ਸੰਬੋਧਨ ਕਰਦਿਆਂ ਕਿਹਾ- "ਪਿਆਰੇ ਬੱਚਿਓ! ਜਿਸ ਤਰ੍ਹਾਂ ਇੱਕ ਕਿਸਾਨ ਪੂਰਾ ਸਾਲ ਮਿਹਨਤ ਕਰਦਾ ਹੈ। ਤਦ ਕਿਤੇ ਜਾ ਕੇ ਉਸ ਨੂੰ ਆਪਣੀ ਕੀਤੀ ਮਿਹਨਤ ਦਾ ਫ਼ਲ ਮਿਲਦਾ ਹੈ। ਇਸੇ ਤਰ੍ਹਾਂ ਬੱਚੇ ਵੀ ਪੂਰਾ ਸਾਲ ਸਖ਼ਤ ਮਿਹਨਤ, ਲਗਨ, ਦ੍ਰਿੜ੍ਹਤਾ ਅਤੇ ਸਿਰੜ ਨਾਲ ਪੜ੍ਹਾਈ ਕਰਦੇ ਹਨ। ਤੇ ਉਹ ਸਾਰੇ ਅੱਜ ਦੇ ਦਿਨ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੀ ਸਾਲ ਭਰ ਦੀ ਕੀਤੀ ਮਿਹਨਤ ਦਾ ਫ਼ਲ ਮਿਲਣਾ ਹੁੰਦਾ ਹੈ। ਇਹ ਨਤੀਜਾ ਹੀ ਸਾਨੂੰ ਸਾਰਿਆਂ ਨੂੰ ਦੱਸਦਾ ਹੈ ਕਿ ਲੰਘੇ ਸਾਲ ਵਿੱਚ ਕਿਹੜੇ ਬੱਚੇ ਨੇ ਕਿੰਨੀਂ ਮਿਹਨਤ ਕੀਤੀ ਹੈ। ਮੈਨੂੰ ਇਹ ਦੱਸਦਿਆਂ ਬਹੁਤ ਖ਼ੁਸ਼ੀ ਹੋ ਰਹੀ ਹੈ ਕਿ ਪਹਿਲੀ, ਦੂਜੀ, ਤੀਜੀ ਜਮਾਤ ਦੇ ਸਾਰੇ ਬੱਚੇ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਹੁਣ ਤੁਸੀਂ ਸਾਰੇ ਨਵੀਂ ਸ਼੍ਰੇਣੀ ਦੇ ਵਿਦਿਆਰਥੀ ਹੋ ਗਏ ਹੋ। ਚੌਥੀ ਜਮਾਤ ਵਿੱਚੋਂ ਰਣਜੀਤ ਕੌਰ ਸਪੁੱਤਰੀ ਮੇਜਰ ਮਹਿੰਦਰ ਸਿੰਘ ਵੜੈਚ ਸਾਰੇ ਵਿਸ਼ਿਆਂ ਵਿੱਚੋਂ ਸੌ ਪ੍ਰਤੀਸ਼ਤ ਅੰਕ ਲੈ ਕੇ ਫ਼ਸਟ ਆਈ ਹੈ। ਸੁਖਚੈਨ ਸਿੰਘ ਪੁੱਤਰ ਸ੍ਰ. ਸਰਵਨ ਸਿੰਘ ਨੇ ਸਤੱਨਵੇਂ ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਹੈ। ਅਰੂੰਨਾ ਨਾਦਰ ਭੱਟੀ ਸਪੁੱਤਰੀ ਜਨਾਬ ਨਾਦਰ ਅਲੀ ਭੱਟੀ ਇਕੱਨਵੇਂ ਪ੍ਰਤੀਸ਼ਤ ਅੰਕ ਲੈ ਕੇ ਆਪਣੀ ਜਮਾਤ ਵਿੱਚੋਂ ਤੀਜੇ ਸਥਾਨ 'ਤੇ ਆਈ ਹੈ। ਇਨ੍ਹਾਂ ਤਿੰਨਾਂ ਬੱਚਿਆਂ ਨੂੰ ਤੇ ਇਨ੍ਹਾਂ ਦੇ ਮਾਤਾ ਪਿਤਾ ਨੂੰ ਬਹੁਤ-ਬਹੁਤ ਵਧਾਈਆਂ ਹੋਣ। ਪਰੰਤੂ ਸੁਖਦੀਪ ਕੌਰ ਪੁੱਤਰੀ ਸ੍ਰ. ਹਰਦਿਆਲ ਸਿੰਘ ਪੰਨੂ ਸਾਰੇ ਵਿਸ਼ਿਆਂ ਵਿੱਚੋਂ ਫੇਲ੍ਹ ਹੈ। ਇਸ ਕਰਕੇ ਉਹ ਚੌਥੀ ਜਮਾਤ ਵਿੱਚ ਹੀ ਬੈਠੇਗੀ।"

ਜਿਉਂ ਹੀ ਸੁਖਦੀਪ ਦੇ ਕੰਨਾਂ ਵਿੱਚ ਸ਼ਹਿਨਾਜ ਮੈਡਮ ਦੇ ਬੋਲ ਪਏ- 'ਸੁਖਦੀਪ ਸਾਰੇ ਵਿਸ਼ਿਆਂ ਵਿੱਚੋਂ ਫੇਲ੍ਹ ਹੈ। ਇਸ ਕਰਕੇ ਉਹ ਚੌਥੀ ਜਮਾਤ ਵਿੱਚ ਹੀ ਬੈਠੇਗੀ' ਉਸ ਦੇ ਹੱਥਾਂ ਵਿੱਚ ਫੜੀਆਂ ਫੁੱਲਾਂ ਦੀਆਂ ਰੰਗ ਬਰੰਗੀਆਂ ਪੱਤੀਆਂ ਰੇਤੇ ਉੱਤੇ ਵਿੱਖਰ ਗਈਆਂ ਸਨ। ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਪੋਟਲੀ ਵਿੱਚ ਬੰਨ੍ਹੇ ਫੁੱਲਾਂ ਦੀ ਖ਼ੁਸ਼ਬੋ ਕਿੱਧਰੇ ਖਿੰਡ ਪੁੰਡ ਗਈ ਹੋਵੇ। ਉਸ ਦੀਆਂ ਅੱਖਾਂ ਵਿੱਚੋਂ ਲਗਾਤਾਰ ਹੰਝੂ ਵਹਿ ਰਹੇ ਸਨ। ਸਹੇਲੀ ਨੂੰ ਰੋਂਦਿਆਂ ਵੇਖ ਕੇ ਰਣਜੀਤ ਦੀਆਂ ਅੱਖਾਂ ਵਿੱਚ ਵੀ ਪਾਣੀ ਸਿੰਮ ਆਇਆ ਸੀ। ਉਸ ਨੇ ਧਾਹ ਕੇ ਸੁਖਦੀਪ ਨੂੰ ਗਲਵੱਕੜੀ ਪਾ ਲਈ।



**ਡਾ. ਇਕਬਾਲ ਸਿੰਘ ਸਕਰੌਦੀ**
**ਗਲ਼ੀ ਨੰਬਰ 06, ਥਲੇਸ ਬਾਗ਼ ਕਲੋਨੀ, ਸੰਗਰੂਰ-148001**
**84276-85020.**
**01-07-2025.**

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**